ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜਮਾਨ
Representation of Punjab, Punjabi and Punjabiyat

BILINGUAL
# ਪੰਜਾਬੀ ਦੁਨੀਆ

Punjabi Duniya www.punjabiduniya.com Since April 2005

DAILY WORLD EDITION USA India Canada Australia New Zealand South & Central America

Cheif Editor : Sharanjit Singh Thind VOL. 17 ISSUE 41 14-20 JANUARY 2023, PHONE: 917 612 3158 TELFAX : 516 342 1076

# ਆਪਰੇਸ਼ਨ ਬਲੂ

## ਰਾਹੁਲ ਗਾਂਧੀ : ਸਿੱਖ ਕਤਲੇਆਮ ਤੇ ਸਾਕਾ ਨੀਲਾ ਤਾਰਾ 'ਤੇ ਮੁਆਫੀ ਦੀ ਮੰਗ, ਕੀ ਕਾਂਗਰਸ ਨੇ ਕਦੇ ਮੰਗੀ ਮੁਆਫੀ ?





2005 ਵਿੱਚ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਸੰਸਦ ਵਿੱਚ ਬਤੌਰ ਪ੍ਰਧਾਨ ਮੰਤਰੀ ਸਿੱਖ ਵਿਰੋਧੀ ਕਤਲੇਆਮ ਦੀ ਮਾਫ਼ੀ ਮੰਗੀ ਸੀ। ਸੰਸਦ ਵਿੱਚ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਸੀ, "ਮੈਂ ਸਿੱਖ ਭਾਈਚਾਰੇ ਦੇ ਨਾਲ-ਨਾਲ ਪੂਰੇ ਦੇਸ਼ ਤੋਂ ਮਾਫੀ ਮੰਗਣ ਤੋਂ ਝਿਜਕ ਮਹਿਸੂਸ ਨਹੀਂ ਕਰਦਾ। ਜੋ ਕੁਝ ਵਾਪਰਿਆ ਉਸ ਨਾਲ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।" ਇਸੇ ਤਰ੍ਹਾਂ 2019 ਵਿੱਚ ਸਾਬਕਾ ਪ੍ਰਧਾਨ ਮੰਤਰੀ ਆਈ ਕੇ ਗੁਜਰਾਲ ਦੇ 100ਵੇਂ ਜਨਮ ਦਿਨ ਸਮਾਗਮ ਦੌਰਾਨ ਬੋਲਦਿਆਂ ਮਨਮੋਹਨ ਸਿੰਘ ਨੇ ਕਿਹਾ ਸੀ ਕਿ 1984 ਦੇ ਸਿੱਖ ਕਤਲੇਆਮ ਤੋਂ ਬਚਿਆ ਜਾ ਸਕਦਾ ਸੀ।

(ਬਾਕੀ ਸਫਾ 6 'ਤੇ)

# ਬਿਨਾਂ ਭਾਰਤੀ ਮੋਬਾਇਲ ਨੰਬਰ ਦੇ ਵੀ ਐਨਆਰਆਈ ਹੁਣ ਯੂਪੀਆਈ ਰਾਹੀਂ ਇੰਝ ਕਰ ਸਕਣਗੇ ਲੈਣ-ਦੇਣ




(ਬਾਕੀ ਸਫਾ 6 'ਤੇ)

### ਖ਼ਬਰ ਬਾਰੇ ਮੁੱਖ ਗੱਲਾਂ :

- ☛ ਅਮਰੀਕਾ ਜਾਂ ਕੈਨੇਡਾ ਵਿੱਚ ਬੈਠੇ ਐਨਆਰੀਆਈ ਯੂਪੀਆਈ ਰਾਹੀਂ ਕਰ ਸਕਣਗੇ ਭੁਗਤਾਨ
- ☛ 10 ਮੁਲਕਾਂ ਦੇ ਐੱਨਆਰਆਈਜ਼ ਲਈ ਸੁਵਿਧਾ ਹੋਵੇਗੀ ਨਵੀਂ ਸੇਵਾ
- ☛ ਇਸ ਸਹੂਲਤ ਲਈ ਭਾਰਤ ਵਿੱਚ ਐਨਆਰਈ ਜਾਂ ਐਨਆਰਓ ਬੈਂਕ ਅਕਾਉਂਟ ਹੋਣਾ ਜਰੂਰੀ
- ☛ ਪੇਮੈਂਟ ਕਰਨ ਲਈ ਭਾਰਤੀ ਮੋਬਾਇਲ ਨੰਬਰ ਦੀ ਹੁਣ ਲੋੜ ਨਹੀਂ ਹੈ

# ਸੰਤੋਖ ਸਿੰਘ ਚੌਧਰੀ ਦੀ ਸਿਹਤ ਵਿਗੜਨ ਤੋਂ ਐਨ ਪਹਿਲਾਂ ਕੀ ਹੋਇਆ ਸੀ ?



ਚੰਡੀਗੜ੍ਹ : ਕਾਂਗਰਸ ਦੇ ਸੰਸਦ ਮੈਂਬਰ ਸੰਤੋਖ ਸਿੰਘ ਚੌਧਰੀ ਦਾ ਦੇਹਾਂਤ ਹੋ ਗਿਆ ਹੈ। ਲੁਧਿਆਣਾ ਤੋਂ ਜਲੰਧਰ ਆਈ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾਂ ਵਿੱਚ ਉਹ ਸ਼ਾਮਲ ਸਨ। ਬੀਬੀਸੀ ਸਹਿਯੋਗੀ ਗੁਰਮਿੰਦਰ ਸਿੰਘ ਗਰੇਵਾਲ ਮੁਤਾਬਕ, ਰਾਹੁਲ ਗਾਂਧੀ ਨਾਲ ਪੈਦਲ ਯਾਤਰਾ ਕਰਦੇ ਹੋਏ ਉਨ੍ਹਾਂ ਦੀ ਸਿਹਤ ਵਿਗੜੀ। ਇਹ ਯਾਤਰਾ ਫਿਲੌਰ ਨੇੜੇ ਜਾਰੀ ਸੀ। ਫਿਲਹਾਲ ਰਾਹੁਲ ਗਾਂਧੀ ਦੀ ਯਾਤਰਾ ਰੋਕ ਦਿੱਤੀ ਗਈ ਹੈ। ਸੰਤੋਖ ਸਿੰਘ ਚੌਧਰੀ ਜਲੰਧਰ ਤੋਂ ਕਾਂਗਰਸ ਦੇ ਸਾਂਸਦ ਸਨ। ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਲੁਧਿਆਣਾ ਜ਼ਿਲ੍ਹੇ ਤੋਂ ਜਲੰਧਰ ਵਿੱਚ ਦਾਖਲ ਹੋਈ ਸੀ ਜਿਸ ਦਾ ਸੁਆਗਤ ਚੌਧਰੀ ਸੰਤੋਖ ਸਿੰਘ ਨੇ ਕੀਤਾ ਸੀ।

(ਬਾਕੀ ਸਫਾ 6 'ਤੇ)





# For more family celebrations, get your updated COVID vaccine.

Updated vaccines now protect against both the original COVID virus and Omicron, just in time for the holidays to protect yourself and those you love. Schedule your free updated vaccine today.

**Find updated COVID vaccines for everyone 5+ at vaccines.gov**

WE CAN DO THIS

Paid for by the U.S. Department of Health and Human Services.

# ਸੰਸਾਰ 'ਚ ਕਿਸ ਜਪਾਨ ਦਾ ਪਾਸਪੋਰਟ ਸਭ ਤੋਂ 'ਸ਼ਕਤੀਸ਼ਾਲੀ', ਕੈਨੇਡਾ 8ਵੇਂ ਨੰਬਰ 'ਤੇ

ਦੁਨੀਆ ਦੇ ਸਭ ਤੋਂ ਮਜ਼ਬੂਤ ਅਤੇ ਕਮਜ਼ੋਰ ਪਾਸਪੋਰਟ ਦੀ ਲਿਸਟ ਜਾਰੀ ਹੋ ਗਈ ਹੈ। 2023 ਵਿੱਚ ਇਸ ਵਾਰ ਫਿਰ ਪਿਛਲੇ ਸਾਲ ਵਾਂਗ ਜਾਪਾਨ ਨੇ ਹੀ ਬਾਜ਼ੀ ਮਾਰੀ ਹੈ। ਜਾਪਾਨ ਮੁੜ ਸਭ ਤੋਂ ਮਜ਼ਬੂਤ ਪਾਸਪੋਰਟ ਵਾਲਾ ਮੁਲਕ ਹੈ। ਹੇਨਲੇ ਪਾਸਪੋਰਟ ਇੰਡੈਕਸ ਨੇ ਸਭ ਤੋਂ ਮਜ਼ਬੂਤ ਅਤੇ ਸਭ ਤੋਂ ਕਮਜ਼ੋਰ ਪਾਸਪੋਰਟ ਦੀ ਇਹ ਲਿਸਟ ਜਾਰੀ ਕੀਤੀ ਹੈ। ਇਸ ਰੈਂਕਿੰਗ ਵਿੱਚ ਭਾਰਤ 85ਵੇਂ ਅਤੇ ਪਾਕਿਸਤਾਨ 106ਵੇਂ ਨੰਬਰ ਉੱਤੇ ਹੈ।

ਲੰਡਨ ਦੀ ਫਰਮ ਹੇਨਲੇ ਐਂਡ ਪਾਰਟਨਰਜ਼ ਨੇ ਸਾਲ 2023 ਦੀ ਇਸ ਗਲੋਬਲ ਪਾਸਪੋਰਟ ਲਿਸਟ ਵਿੱਚ 199 ਪਾਸਪੋਰਟ ਅਤੇ 227 ਮੁਲਕਾਂ ਨੂੰ ਸ਼ਾਮਲ ਕੀਤਾ ਹੈ।

### ਲਿਸਟ ਨੂੰ ਤਿਆਰ ਕਰਨ ਦਾ ਤਰੀਕਾ ਕੀ

ਇਹ ਰੈਂਕਿੰਗ ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਅਥਾਰਿਟੀ ਵੱਲੋਂ ਦਿੱਤੇ ਗਏ ਅੰਕੜਿਆਂ ਅਤੇ ਹੇਨਲੇ ਐਂਡ ਪਾਰਟਨਰਜ਼ ਵੱਲੋਂ ਕੀਤੀ ਰਿਸਰਚ ਅਤੇ ਓਪਨ ਸੋਰਸ ਆਨਲਾਈਨ ਡੇਟਾ ਉੱਤੇ ਆਧਾਰਿਤ ਹੈ।

ਹਰ ਸਾਲ ਹੇਨਲੇ ਐਂਡ ਪਾਰਟਨਰਜ਼ ਨੂੰ ਇੰਟਰਨੈਸ਼ਨਲ ਏਅਰ ਟ੍ਰਾਂਸਪੋਰਟ ਅਥਾਰਿਟੀ ਵੱਲੋਂ ਇਹ ਡਾਟਾ ਦਿੱਤਾ ਜਾਂਦਾ ਹੈ।

ਇਸ ਜਾਣਕਾਰੀ ਨੂੰ ਹੋਰ ਪੁਖ਼ਤਾ ਤੇ ਸਟੀਕ ਕਰਨ ਲਈ ਕੰਪਨੀ ਵੱਲੋਂ ਕਈ ਭਰੋਸੇਮੰਦ ਸਰੋਤਾਂ ਦੀ ਮਦਦ ਲਈ ਜਾਂਦੀ ਹੈ। ਇਸ ਪ੍ਰਕਿਰਿਆ ਦੇ ਨਾਲ ਮੁਲਕਾਂ ਦੀਆਂ ਵੀਜ਼ਾ ਨੀਤੀਆਂ ਵਿੱਚ ਹੁੰਦੇ ਬਦਲਾਅ ਬਾਰੇ ਵੀ ਖ਼ਿਆਲ ਰੱਖਿਆ ਜਾਂਦਾ ਹੈ।

ਇਹ ਪ੍ਰਕਿਰਿਆ ਪੂਰੇ ਸਾਲ ਚੱਲਦੀ ਰਹਿੰਦੀ ਹੈ ਅਤੇ ਲਗਾਤਾਰ ਇਸ ਦੀ ਨਿਗਰਾਨੀ ਕੀਤੀ ਜਾਂਦੀ ਹੈ।




ਇਸ ਲਿਸਟ ਨੂੰ ਤਿਆਰ ਕਰਨ ਵੇਲੇ ਪਾਸਪੋਰਟ ਨੂੰ ਇੱਕ ਯੂਨਿਟ ਮੰਨਿਆ ਜਾਂਦਾ ਹੈ ਤੇ ਉਸ ਪਾਸਪੋਰਟ ਨੂੰ ਲੈ ਕੇ ਇਹ ਕੁਝ ਗੱਲਾਂ ਮੰਨ ਲਈਆਂ ਜਾਂਦੀਆਂ ਹਨ, ਜਿਵੇਂ...

### ਪਾਸਪੋਰਟ ਵੈਲਿਡ ਹੈ

ਇਹ ਇੱਕ ਸਾਧਾਰਨ ਪਾਸਪੋਰਟ ਹੈ ਨਾ ਕਿ ਕੋਈ ਕੂਟਨੀਤਕ ਜਾਂ ਆਪਾਤਕਾਲੀਨ ਹਾਲਾਤ ਵਿੱਚ ਜਾਰੀ ਕੀਤਾ ਪਾਸਪੋਰਟ

ਇਹ ਵੀ ਮੰਨ ਲਿਆ ਜਾਂਦਾ ਹੈ ਕਿ ਪਾਸਪੋਰਟ ਉਸ ਬਾਲਗ ਦਾ ਹੈ ਜੋ ਇਕੱਲਾ ਸਫ਼ਰ ਕਰ ਸਕਦਾ ਹੈ

ਪਾਸਪੋਰਟ ਹੋਲਡਰ ਕਿਸੇ ਦੇਸ਼ ਵਿੱਚ ਦਾਖਲ ਹੋਣ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ

ਪਾਸਪੋਰਟ ਹੋਲਡਰ ਦੇ ਕਿਸੇ ਵੀ ਦੇਸ਼ ਵਿੱਚ ਠਹਿਰਣ ਦੀ ਸਮਾਂ ਸੀਮਾਂ ਤਿੰਨ ਦਿਨਾਂ ਤੋਂ 7 ਮਹੀਨਿਆਂ ਵਿਚਾਲੇ ਹੈ

ਦੱਸ ਦਈਏ ਕਿ ਜਪਾਨ ਨੇ 2023 ਦੇ ਪਾਸਪੋਰਟ ਇੰਡੈਕਸ ਵਿੱਚ ਆਪਣੀ ਸਰਦਾਰੀ ਲਗਾਤਾਰ ਪੰਜਵੇਂ ਸਾਲ ਤੱਕ ਬਰਕਰਾਰ ਰੱਖੀ ਹੈ। ਉਸੇ ਤਰ੍ਹਾਂ 2022 ਦੇ ਮੁਕਾਬਲੇ 2023 ਵਿੱਚ ਵੀ ਦੂਜੇ ਨੰਬਰ ਉੱਤੇ ਸਿੰਗਾਪੁਰ ਅਤੇ ਸਾਊਥ ਕੋਰੀਆ ਹਨ – ਇਨ੍ਹਾਂ ਦੋਵਾਂ ਦੇਸ਼ਾਂ ਦੇ ਪਾਸਪੋਰਟ ਹੋਲਡਰ 192 ਦੇਸ਼ਾਂ ਵਿੱਚ ਵੀਜ਼ਾ ਫਰੀ ਯਾਤਰਾ ਕਰ ਸਕਦੇ ਹਨ।

ਤੀਜੇ ਨੰਬਰ ਉੱਤੇ ਜਰਮਨੀ ਅਤੇ ਸਪੇਨ ਹਨ ਅਤੇ ਉਨ੍ਹਾਂ ਲਈ ਇਹ ਗਿਣਤੀ 190 ਹੈ। ਜੇਕਰ ਯੂਕੇ ਅਤੇ ਅਮਰੀਕਾ ਦੀ ਗੱਲ ਕੀਤੀ ਜਾਵੇ ਤਾਂ ਯੂਕੇ 6ਵੇਂ ਨੰਬਰ ਉੱਤੇ ਅਤੇ ਇਸ ਇੰਡੈਕਸ ਵਿੱਚ ਅਮਰੀਕਾ 7ਵੇਂ ਨੰਬਰ ਉੱਤੇ ਹੈ। ਆਸਟਰੇਲੀਆ ਅਤੇ ਕੈਨੇਡਾ 8ਵੇਂ ਨੰਬਰ ਉੱਤੇ ਹਨ। ਹੇਨਲੇ ਪਾਸਪੋਰਟ ਇੰਡੈਕਸ ਮੁਤਾਬਕ 2023 ਵਿੱਚ ਭਾਰਤ ਦਾ ਰੈਂਕ 85ਵਾਂ ਹੈ, ਹਾਲਾਂਕਿ ਪਿਛਲੇ ਸਾਲ ਭਾਰਤ 87ਵੇਂ ਰੈਂਕ ਉੱਤੇ ਸੀ। ਇਸੇ ਤਰ੍ਹਾਂ ਚੀਨ 66ਵੇਂ, ਭੂਟਾਨ 90ਵੇਂ, ਈਰਾਨ 99ਵੇਂ ਅਤੇ ਸ੍ਰੀਲੰਕਾ 100ਵੇਂ ਨੰਬਰ ਉੱਤੇ ਹਨ।

### ਪਾਕਿਸਤਾਨ ਦੀ ਹਾਲਤ ਨੇਪਾਲ ਤੋਂ ਵੀ ਖ਼ਰਾਬ

ਪਾਕਿਸਤਾਨ ਦੀ ਇਸ ਲਿਸਟ ਵਿੱਚ ਰੈਂਕਿੰਗ ਕਾਫ਼ੀ ਖ਼ਰਾਬ ਹੈ ਅਤੇ ਇਸ ਦੇ ਪਾਸਪੋਰਟ ਦੀ ਰੈਂਕਿੰਗ 106 ਹੈ। ਪਾਕਿਸਤਾਨ ਤੋਂ ਚੰਗਾ ਪਾਸਪੋਰਟ ਨੇਪਾਲ ਦਾ ਦੱਸਿਆ ਗਿਆ ਹੈ, ਜਿਸ ਦੀ ਰੈਂਕਿੰਗ 103 ਹੈ। ਪਾਕਿਸਤਾਨ ਤੋਂ ਹੇਠਾਂ ਸੀਰੀਆ ਅਤੇ ਇਰਾਕ ਹਨ।

ਤਾਲਿਬਾਨ ਹੇਠਾਂ ਆਏ ਅਫ਼ਗਾਨਿਸਤਾਨ ਦੀ ਹਾਲਤ ਇਸ ਪਾਸਪੋਰਟ ਇੰਡੈਕਸ ਵਿੱਚ ਸਭ ਤੋਂ ਖ਼ਰਾਬ ਹੈ। ਹੇਨਲੇ ਪਾਸਪੋਰਟ ਇੰਡੈਕਸ ਦੇ ਹਿਸਾਬ ਨਾਲ ਅਫ਼ਗਾਨਿਸਤਾਨ ਦੇ ਪਾਸਪੋਰਟ ਦੀ ਰੈਂਕਿੰਗ 109 ਹੈ।

### ਤਾਕਤਵਰ ਪਾਸਪੋਰਟ ਹੋਣ ਦਾ ਮਤਲਬ ਕੀ

ਹੁਣ ਇਹ ਜਾਣਦੇ ਹਾਂ ਕਿ ਤਾਕਤਵਰ ਪਾਸਪੋਰਟ ਹੋਣ ਦਾ ਮਤਲਬ ਕੀ ਹੈ।

ਇਸ ਲਿਸਟ ਨੂੰ ਜਾਰੀ ਕਰਨ ਵਾਲੇ ਹੇਨਲੇ ਐਂਡ ਪਾਰਟਨਰਜ਼ ਆਪਣੀ ਵੈੱਬਸਾਈਟ ਉੱਤੇ ਦੱਸਦੇ ਹਨ ਕਿ ਉਸ ਦੇਸ਼ ਦਾ ਪਾਸਪੋਰਟ ਸਭ ਤੋਂ ਮਜ਼ਬੂਤ ਹੁੰਦਾ ਹੈ ਜਿਸ ਦੇਸ਼ ਦੇ ਪਾਸਪੋਰਟ ਹੋਲਡਰਜ਼ ਕੋਲ ਸਭ ਤੋਂ ਵੱਧ ਮੁਲਕਾਂ ਵਿੱਚ ਬਿਨਾਂ ਵੀਜ਼ਾ ਜਾਣ ਦੀ ਸਹੂਲਤ ਹੁੰਦੀ ਹੈ।

ਜਿਵੇਂ ਜਪਾਨ ਦੇ ਪਾਸਪੋਰਟ ਹੋਲਡਰਜ਼ 193 ਦੇਸ਼ਾਂ ਵਿੱਚ ਬਿਨਾਂ ਵੀਜ਼ਾਂ ਯਾਤਰਾ ਕਰ ਸਕਦੇ ਹਨ।

# ਪੰਜਾਬ ਦੇ ਥਾਣਿਆਂ 'ਚੋਂ ਅਸਲਾ ਗਾਇਬ ਹੋਣ ਦਾ ਮਾਮਲਾ: ਅਸਲਾਖ਼ਾਨਾ ਕੀ ਹੁੰਦਾ ਹੈ ਤੇ ਇਸ ਦਾ ਹਿਸਾਬ ਕੌਣ ਰੱਖਦਾ ਹੈ

ਲੇਖਕ : ਗਗਨਦੀਪ ਸਿੰਘ ਅਤੇ ਸੁਰਿੰਦਰ ਮਾਨ

ਪੰਜਾਬ ਪੁਲਿਸ ਦੇ ਥਾਣਿਆਂ ਵਿੱਚੋਂ ਹਥਿਆਰ ਗਾਇਬ ਹੋਣ ਦਾ ਮਾਮਲਾ ਬੀਤੇ ਦਿਨਾਂ ਵਿੱਚ ਕਾਫੀ ਸੁਰਖ਼ੀਆਂ ਵਿੱਚ ਰਿਹਾ। ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਥਾਣਾ ਦਿਆਲਪੁਰਾ ਭਾਈਕਾ ਦੀ ਕੋਤ (ਅਸਲਾਖ਼ਾਨਾ) ਵਿੱਚੋਂ ਹਥਿਆਰਾਂ ਦੇ 'ਗੁੰਮ' ਹੋਣ ਦੀ ਗੱਲ ਸਾਹਮਣੇ ਆਉਣ ਮਗਰੋਂ ਪੰਜਾਬ ਪੁਲਿਸ ਨੇ ਜਾਂਚ ਦਾ ਕੰਮ ਤੇਜ਼ ਕਰ ਦਿੱਤਾ ਹੈ।

ਪੁਲਿਸ ਇਸ ਗੱਲ ਨੂੰ ਇਸ ਲਈ ਵੀ ਗੰਭੀਰਤਾ ਨਾਲ ਲੈ ਰਹੀ ਹੈ ਕਿਉਂਕਿ ਪੁਲਿਸ ਦੇ ਅਸਲੇਖ਼ਾਨੇ 'ਚੋਂ ਹਥਿਆਰ ਗੁੰਮ ਕਰਨ ਵਿਚ ਕਥਿਤ ਤੌਰ 'ਤੇ ਥਾਣੇ 'ਚ ਤਾਇਨਾਤ ਰਹੇ ਮੁਨਸ਼ੀ ਦੀ ਭੂਮਿਕਾ ਸਾਹਮਣੇ ਆਈ ਹੈ।

ਭਾਵੇਂ ਲੰਘੇ ਐਤਵਾਰ ਦੀ ਅੱਧੀ ਰਾਤ ਨੂੰ ਮੁਨਸ਼ੀ ਸੰਦੀਪ ਸਿੰਘ ਨੂੰ ਬਠਿੰਡਾ ਦੇ ਸੀਆਈਏ ਸਟਾਫ਼ ਦੀ ਇੱਕ ਪੁਲਿਸ ਪਾਰਟੀ ਨੇ ਜ਼ਿਲ੍ਹਾ ਬਠਿੰਡਾ ਦੇ ਹੀ ਪਿੰਡ ਭੋਖੜਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ।

ਪੁਲਿਸ ਇਸ ਗੰਭੀਰ ਮਾਮਲੇ ਦੀ ਜਾਂਚ ਉੱਚ ਅਧਿਕਾਰੀਆਂ ਦੀ ਨਿਗਰਾਨੀ ਹੇਠ ਬਰੀਕੀ ਨਾਲ ਕਰਨ ਦੀ ਗੱਲ ਕਹਿ ਰਹੀ ਹੈ।

ਫੂਲ ਦੇ ਡੀਐੱਸਪੀ ਆਸਵੰਤ ਸਿੰਘ ਧਾਲੀਵਾਲ ਨੇ ਮੁਨਸ਼ੀ ਦੀ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਹੈ।

ਹੌਲਦਾਰ ਸੰਦੀਪ ਸਿੰਘ ਉੱਤੇ ਦਿਆਲਪੁਰਾ ਥਾਣੇ ਦੇ ਮਾਲਖਾਨੇ ਵਿੱਚੋਂ ਇੱਕ ਦਰਜਨ ਹਥਿਆਰਾਂ ਅਤੇ 7 ਲੱਖ ਦੇ ਕਰੀਬ ਡਰੱਗ ਮਨੀ ਗਾਇਬ ਕਰਨ ਦੇ ਇਲਜ਼ਾਮ ਹਨ।

ਉਸ ਨੂੰ ਬਠਿੰਡਾ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਥਾਣਾ ਦਿਆਲਪੁਰਾ ਦੇ ਅਸਲੇਖ਼ਾਨੇ 'ਚੋਂ ਜਿਹੜਾ ਅਸਲਾ 'ਗੁੰਮ' ਹੋਇਆ ਹੈ, ਉਹ ਲੋਕਾਂ ਵੱਲੋਂ ਥਾਣੇ ਵਿਚ ਜਮ੍ਹਾਂ ਕਰਵਾਇਆ ਗਿਆ ਸੀ।

ਜ਼ਿਲ੍ਹਾ ਬਠਿੰਡਾ ਦੇ ਐੱਸਐੱਸਪੀ ਜੇ. ਇਲਨਚੇਲੀਅਨ ਮੁਤਾਬਕ ਥਾਣਾ ਦਿਆਲਪੁਰਾ ਦੀ ਕੋਤ 'ਚੋਂ ਗਾਇਬ ਹੋਇਆ ਅਸਲਾ ਆਮ ਲੋਕਾਂ ਵੱਲੋਂ ਸਾਲ 2015 ਤੋਂ 2021 ਵਿਚਾਲੇ ਜਮ੍ਹਾਂ ਕਰਵਾਇਆ ਗਿਆ ਸੀ।

ਕੀ ਹੈ ਮਾਮਲਾ

ਅਸਲ ਵਿਚ ਪਿਛਲੇ ਸਾਲ ਦੇ ਅੱਧ ਵਿਚ ਜਦੋਂ ਥਾਣਾ



ਦਿਆਲਪੁਰਾ ਦੇ ਅਸਲੇਖ਼ਾਨੇ ਦੀ ਚੈਕਿੰਗ ਹੋਈ ਸੀ ਤਾਂ ਥਾਣੇ ਦੇ ਰਿਕਾਰਡ ਵਿਚ ਦਰਜ ਅਸਲੇ ਦੀ ਗਿਣਤੀ ਤੋਂ ਘੱਟ ਅਸਲਾ ਅਸਲੇਖਾਨੇ ਵਿਚ ਮੌਜੂਦ ਸੀ।

ਬਠਿੰਡਾ ਪੁਲਿਸ ਨੇ ਉਸ ਸਮੇਂ ਮੁਨਸ਼ੀ ਸੰਦੀਪ ਸਿੰਘ ਖ਼ਿਲਾਫ਼ ਕੇਸ ਦਰਜ ਕਰ ਲਿਆ ਸੀ ਪਰ ਮੁਨਸ਼ੀ ਫਰਾਰ ਸੀ।

ਦੂਜੇ ਪਾਸੇ ਜ਼ਿਲ੍ਹਾ ਫਿਰੋਜ਼ਪੁਰ ਅਧੀਨ ਪੈਂਦੇ ਥਾਣਾ ਮੁੱਦਕੀ ਦੀ ਪੁਲਿਸ ਨੇ ਸਤਨਾਮ ਸਿੰਘ ਅਤੇ ਕੁਲਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਜਦੋਂ ਉਨ੍ਹਾਂ ਕੋਲੋਂ ਨਾਜਾਇਜ਼ ਹਥਿਆਰ ਬਰਾਮਦ ਕੀਤੇ ਤਾਂ ਉਸ ਵਿਚ ਖੁਲਾਸਾ ਹੋਇਆ ਕੇ ਇਸ ਕਥਿਤ ਤੌਰ 'ਤੇ ਮੁਨਸ਼ੀ ਸੰਦੀਪ ਸਿੰਘ ਤੋਂ ਖਰੀਦੇ ਗਏ ਸਨ।

ਡੀਐੱਸਪੀ ਆਸਵੰਤ ਸਿੰਘ ਧਾਲੀਵਾਲ ਨੇ ਬੀਬੀਸੀ ਪੰਜਾਬੀ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਤਫਤੀਸ਼ ਦੌਰਾਨ ਪਤਾ ਲੱਗਾ ਕਿ ਅਕਤੂਬਰ 2021 ਤੋਂ ਅਪ੍ਰੈਲ 2022 ਦੇ ਸਮੇਂ ਦੌਰਾਨ ਦਿਆਲਪੁਰਾ ਦੀ ਹਿਰਾਸਤ ਵਿੱਚੋਂ 8 ਤੋਂ ਵੱਧ ਹਥਿਆਰ ਅਤੇ ਡਰੱਗ ਮਨੀ ਗਾਇਬ ਹੋਈ ਹੈ। ਉਸ ਸਮੇ ਹੈੱਡ ਕਾਂਸਟੇਬਲ ਸੰਦੀਪ ਸਿੰਘ ਬਤੌਰ ਮੁੱਖ ਮੁਨਸ਼ੀ ਤੈਨਾਤ ਸੀ।

ਧਾਲੀਵਾਲ ਨੇ ਦੱਸਿਆ ਕਿ ਤਫਤੀਸ਼ ਦੌਰਾਨ ਪਤਾ ਲੱਗਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਵੱਖ-ਵੱਖ ਕਾਰਨਾਂ ਕਰਕੇ ਪੁਲਿਸ ਹਿਰਾਸਤ ਵਿੱਚ ਵਿਅਕਤੀਆਂ ਦੇ ਜਮ੍ਹਾਂ ਪ੍ਰਾਈਵੇਟ ਹਥਿਆਰ, ਗਹਿਣੇ ਤੇ ਨਕਦੀ ਹੁਣ ਥਾਣਾ ਦਿਆਲਪੁਰਾ ਦੇ ਮਾਲਖਾਨੇ ਵਿੱਚ ਨਹੀਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਮਨਸ਼ੀ ਸੰਦੀਪ ਸਿੰਘ ਹਥਿਆਰਾਂ ਦੀ ਗੁੰਮਸ਼ੁਦਗੀ ਨਾਲ ਸਬੰਧਤ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਮੁਲਜ਼ਮ ਸੀ।

"ਪਹਿਲਾ ਮਾਮਲਾ ਰਾਮਪੁਰਾ ਥਾਣੇ ਵਿੱਚ ਦਰਜ ਕੀਤਾ ਗਿਆ ਸੀ ਜਦੋਂ ਪੁਲਿਸ ਨੂੰ ਪਤਾ ਲੱਗਿਆ ਸੀ ਕਿ ਨਸ਼ੇ ਵੇਚਣ ਵਾਲੇ ਇੱਕ ਮੁਲਜ਼ਮ ਕੋਲੋਂ ਬਰਾਮਦ ਹਥਿਆਰ ਪਿਛਲੇ ਸਾਲ ਮਈ ਦੌਰਾਨ ਡੇਲਪੁਰਾ ਥਾਣੇ ਵਿੱਚ ਬਰਾਮਦ ਹੋਇਆ ਸੀ।"

"ਦੂਜਾ ਮਾਮਲਾ ਫਾਜ਼ਿਲਕਾ ਜ਼ਿਲ੍ਹੇ ਵਿੱਚ ਦਰਜ ਕੀਤਾ ਗਿਆ ਸੀ।"

ਡੀਐੱਸਪੀ ਧਾਲੀਵਾਲ ਨੇ ਦੱਸਿਆ ਕਿ ਦਿਆਲਪੁਰਾ ਥਾਣੇ ਤੋਂ ਗਾਇਬ ਹਥਿਆਰ ਵੀ ਬਰਾਮਦ ਕੀਤੇ ਗਏ ਹਨ ਅਤੇ ਤੀਸਰਾ ਮਾਮਲਾ ਥਾਣਾ ਦਿਆਲਪੁਰਾ ਵਿੱਚ ਦਰਜ ਕੀਤਾ ਗਿਆ ਹੈ ਜਿੱਥੋਂ ਸਾਰੇ ਹਥਿਆਰ ਅਤੇ ਡਰੱਗ ਮਨੀ ਗਾਇਬ ਹੋਈ ਹੈ।

ਮੁਲਜ਼ਮ ਨੂੰ ਫਾਜ਼ਿਲਕਾ ਅਤੇ ਦਿਆਲਪੁਰਾ ਥਾਣੇ ਵਿੱਚ ਦਰਜ ਕੇਸਾਂ ਵਿੱਚ ਵੀ ਅਗਾਊਂ ਜ਼ਮਾਨਤ ਮਿਲ ਗਈ ਸੀ ਜਦਕਿ ਉਸ ਖ਼ਿਲਾਫ਼ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਥਾਣੇ ਵਿੱਚ ਦਰਜ ਕੇਸ ਵਿੱਚ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਡੀਐੱਸਪੀ ਧਾਲੀਵਾਲ ਨੇ ਕਿਹਾ ਕਿ ਮੁਲਜ਼ਮ ਮੁਨਸ਼ੀ ਕੋਲੋਂ ਅਜੇ ਤੱਕ ਕੋਈ ਹਥਿਆਰ ਬਰਾਮਦ ਨਹੀਂ ਹੋਇਆ ਹੈ ਕਿਉਂਕਿ ਕੁਝ ਹਥਿਆਰ ਸੂਬੇ ਤੋਂ ਬਾਹਰ ਵੇਚੇ ਗਏ ਹਨ, ਜਦਕਿ ਉਹ ਹੋਰ ਪੁੱਛਗਿੱਛ ਲਈ ਮੁਲਜ਼ਮਾਂ ਨੂੰ ਪੁਲਿਸ ਰਿਮਾਂਡ 'ਤੇ ਲੈਣਗੇ।

ਇਸ ਸੰਦਰਭ ਵਿਚ ਇਕ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦਾ ਗਠਨ ਕੀਤਾ ਗਿਆ ਹੈ, ਜਿਸ ਵਿਚ ਤਿੰਨ ਗ਼ਜ਼ਟਿਡ ਪੁਲਿਸ ਅਫਸਰਾਂ ਨੂੰ ਸ਼ਾਮਲ ਹਨ।

ਕੋਤ ਜਾਂ ਮਾਲਖਾਨਾ ਕੀ ਹੈ

ਪੰਜਾਬ ਪੁਲਿਸ ਦੇ ਨਿਯਮ ਮੁਤਾਬਕ ਹਰ ਥਾਣੇ ਵਿਚ ਕੋਤ ਤੇ ਮਾਲਖਾਨੇ ਬਣੇ ਹੋਏ ਹਨ।

ਮਾਲਖਾਨੇ ਵਿਚ ਥਾਣੇ ਵਿਚ ਦਰਜ ਕੇਸਾਂ ਨਾਲ ਜੁੜੇ ਸਮੁੱਚੇ ਰਿਕਾਰਡ ਨੂੰ ਸੰਭਾਲਿਆ ਜਾਂਦਾ ਹੈ ਜਦਕਿ ਅਸਲੇਖਾਨੇ ਵਿਚ ਪੰਜਾਬ ਪੁਲਿਸ ਦੇ ਆਪਣੇ ਹਥਿਆਰਾਂ ਤੋਂ ਇਲਾਵਾ ਉਨ੍ਹਾਂ ਹਥਿਆਰਾਂ ਨੂੰ ਰੱਖਿਆ ਜਾਂਦਾ ਹੈ, ਜੋ ਲੋਕਾਂ ਵੱਲੋਂ ਥਾਣੇ 'ਚ ਜਮ੍ਹਾਂ ਕਰਵਾਏ ਜਾਂਦੇ ਹਨ।

ਪੰਜਾਬ ਪੁਲਿਸ ਦੇ ਸੇਵਾ ਮੁਕਤ ਇੰਸਪੈਕਟਰ ਜਨਰਲ ਆਫ਼ ਪੁਲਿਸ ਸੁਰਜੀਤ ਸਿੰਘ ਨੇ ਬੀਬੀਸੀ ਨੂੰ ਦੱਸਿਆ ਕਿ ਪੁਲਿਸ ਰੂਲਜ਼ ਮੁਤਾਬਕ ਹਰ ਤਿੰਨ ਮਹੀਨੇ ਬਾਅਦ ਗ਼ਜ਼ਟਿਡ ਰੈਂਕ ਦੇ ਅਧਿਕਾਰੀ ਦੀ ਦੇਖ-ਰੇਖ ਹੇਠ ਸੂਬੇ ਦੇ ਹਰੇਕ ਥਾਣੇ ਦੀਆਂ ਕੋਤਾਂ ਦੀ ਬਕਾਇਦਾ ਚੈਕਿੰਗ ਕਰਨੀ ਲਾਜ਼ਮੀ ਹੈ।

ਉਹ ਕਹਿੰਦੇ ਹਨ, "ਇਸ ਚੈਕਿੰਗ ਦੀ ਵਿਸਥਾਰ ਸਹਿਤ ਇੱਕ ਰਿਪੋਰਟ ਐੱਸਐੱਸਪੀ ਨੂੰ ਭੇਜੀ ਜਾਂਦੀ ਹੈ।"

"ਜੇਕਰ ਕਿਸੇ ਥਾਂ 'ਤੇ ਅਸਲਾ ਘਟ ਜਾਵੇ ਤਾਂ ਉਸ ਦੀ ਸਮੁੱਚੀ ਜ਼ਿੰਮੇਵਾਰੀ ਸਬੰਧਤ ਥਾਣੇ ਦੇ ਮੁਨਸ਼ੀ ਤੋਂ ਇਲਾਵਾ ਥਾਣੇ ਦੇ ਐੱਸਐੱਚਓ ਦੀ ਹੁੰਦੀ ਹੈ।"

ਉਨ੍ਹਾਂ ਦੱਸਿਆ ਕਿ ਆਮ ਲੋਕਾਂ ਵਲੋਂ ਅਸਲਾ ਥਾਣੇ ਵਿਚ ਜਮ੍ਹਾਂ ਕਰਵਾਉਣ ਤੇ ਕਢਵਾਉਣ ਦੀ ਸਮੁੱਚੀ ਪ੍ਰਕਿਰਿਆ ਦਾ ਲੇਖਾ-ਜੋਖਾ ਉਸੇ ਸਮੇਂ ਰਜਿਸਟਰ ਵਿਚ ਦਰਜ ਕਰਕੇ ਉਸ ਦੀ ਰਿਪੋਰਟ ਉਸੇ ਵੇਲੇ ਆਲ੍ਹਾ ਅਫਸਰਾਂ ਨੂੰ ਭੇਜਣ ਦੀ ਜ਼ਿੰਮੇਵਾਰੀ ਮੁਨਸ਼ੀ ਤੇ ਥਾਣਾ ਮੁਖੀ ਦੀ ਹੁੰਦੀ ਹੈ।

ਪੰਜਾਬ ਪੁਲਿਸ ਤੋਂ ਹਾਲ ਹੀ ਵਿਚ ਰਿਟਾਇਰਡ ਹੋਏ ਡੀਐੱਸਪੀ ਸਤਪਾਲ ਸਿੰਘ ਦੱਸਦੇ ਹਨ ਕਿ ਪੁਲਿਸ ਨਿਯਮਾਂ ਅਨੁਸਾਰ ਭਾਵੇਂ ਅਸਲੇਖਾਨੇ ਦਾ ਰਿਕਾਰਡ ਥਾਣੇ ਦਾ ਮੁਨਸ਼ੀ ਰੱਖਦਾ ਹੈ ਪਰ ਅਸਲੇਖਾਨੇ ਵਿੱਚੋਂ ਅਸਲਾ ਘਟਣ ਦੀ ਸੂਰਤ ਵਿਚ ਐੱਸਐੱਚਓ ਤੋਂ ਇਲਾਵਾ ਹਲਕਾ ਡੀਐੱਸਪੀ ਵਿਰੁੱਧ ਵੀ ਵਿਭਾਗੀ ਕਾਰਵਾਈ ਕੀਤੀ ਜਾਂਦੀ ਹੈ।

ਧੰਨਵਾਦ ਸਹਿਤ ਬੀਬੀਸੀ


ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ਪਿਛਲੇ 13 ਸਾਲਾਂ ਤੋਂ
ਪੰਜਾਬੀ ਦੁਨੀਆ ਮੀਡੀਆ ਹਾਊਸ
ਦਿਲ ਦੀਆਂ ਗਹਿਰਾਈਆਂ ਵਿਚੋਂ ਦਿੱਤੇ
ਪਿਆਰ ਲਈ ਆਪ ਜੀ ਦਾ ਅਤਿ ਧੰਨਵਾਦੀ ਹੈ
ਕਿ ਥੋੜ੍ਹੇ ਜਿਹੇ ਸਮੇਂ ਵਿਚ ਹੀ ਤੁਸੀਂ
ਸਾਨੂੰ ਘਰ ਘਰ ਦੀ ਪਸੰਦ ਬਣਾ ਦਿੱਤਾ ਹੈ।
ਅਜਿਹੇ ਵਿਚ ਅਸੀਂ ਪਹਿਲਾਂ ਨਾਲੋਂ ਵੀ ਵਧੇਰੇ
ਮਿਹਨਤ ਨਾਲ ਕੰਮ ਕਰਨ ਲਈ ਵਚਨਬੱਧ ਹਾਂ
ਪਰ ਤੁਹਾਡੇ ਸਾਥ ਤੋਂ ਬਿਨਾ ਕੁਝ ਵੀ ਸੰਭਵ ਨਹੀਂ,
ਸੋ ਪੰਜਾਬੀ ਦੁਨੀਆ ਅਖ਼ਬਾਰ ਪੜ੍ਹਨ ਲਈ ਕਲਿੱਕ ਕਰੋ
www.punjabiduniya.com
Phone: 917 612 3158 TelFax : 516 342 1076
P.O Box 7005 Hicksville New York 11801

# ਅ.ਫਗਾਨਿਸਤਾਨ ਵਿੱਚ ਔਰਤਾਂ ਦੇ ਅਧਿਕਾਰਾਂ ਦਾ ਘਾਣ

ਅ.ਫਗਾਨਿਸਤਾਨ ਵਿੱਚ ਤਾਲਿਬਾਨ ਦੇ ਮੁੜ ਸੱਤਾ ’ਚ ਆਉਣ ਤੋਂ ਬਾਅਦ ਔਰਤਾਂ ਦੇ ਮੁੱਢਲੇ ਅਧਿਕਾਰਾਂ ਨੂੰ ਖੋਹਣ ਤੇ ਉਨ੍ਹਾਂ ਦੀ ਉਲੰਘਣਾ ਦਾ ਰੁਝਾਨ ਦੁਬਾਰਾ ਸ਼ੁਰੂ ਹੋ ਗਿਆ ਹੈ। ਹਾਲਾਂਕਿ ਵਿਸ਼ਵਾਸ ਦਿਵਾਇਆ ਜਾ ਰਿਹਾ ਸੀ ਕਿ ਸੱਤਾ ਵਿੱਚ ਆਉਣ ਤੋਂ ਬਾਅਦ ਸ਼ਰੀਅਤ ਅਨੁਸਾਰ ਔਰਤਾਂ ਦੇ ਹੱਕ ਮੁੜ ਬਹਾਲ ਕਰ ਦਿੱਤੇ ਜਾਣਗੇ।2021 ਤੋਂ ਬਾਅਦ ਬਹੁਤ ਹੀ ਸੋਚੇ ਸਮਝੇ ਢੰਗ ਨਾਲ ਔਰਤਾਂ ਨੂੰ ਮੁੱਖ ਧਾਰਾ ਵਿੱਚੋਂ ਬਾਹਰ ਕੀਤਾ ਜਾ ਰਿਹਾ ਹੈ। ਕਈ ਪ੍ਰਕਾਰ ਦੀਆਂ ਪਾਬੰਦੀਆਂ ਲਗਾ ਕੇ ਹਰ ਸਮਾਜਿਕ, ਆਰਥਿਕ ਤੇ ਰਾਜਨੀਤਕ ਖੇਤਰ ਵਿੱਚੋਂ ਉਨ੍ਹਾਂ ਦੀ ਮੌਜੂਦਗੀ ਨੂੰ ਮਨਫ਼ੀ ਕੀਤਾ ਜਾ ਰਿਹਾ ਹੈ। ਇਸ ਵਿਰੁੱਧ ਰੋਸ ਪ੍ਰਗਟ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਤਸੀਹੇ ਦੇ ਕੇ ਮਾਰ ਮੁਕਾਉਣ ਦੀਆਂ ਘਟਨਾਵਾਂ ਰੋਜ਼ਾਨਾ ਪੜ੍ਹਨ ਸੁਣਨ ਨੂੰ ਮਿਲ ਰਹੀਆਂ ਹਨ।ਯੂ.ਐੱਨ. ਦੀ ਵਿਮੈੱਨ ਡਾਇਰੈਕਟਰ ਸਿਮਾ ਬਾਹੂਸ ਨੇ ਕਿਹਾ ਹੈ ਕਿ “ਪਿਛਲੇ ਕਈ ਦਹਾਕਿਆਂ ਤੋਂ ਮਰਦ ਔਰਤ ਦੀ ਬਰਾਬਰੀ ਅਤੇ ਔਰਤਾਂ ਦੇ ਹੱਕਾਂ ਦੀ ਪ੍ਰਾਪਤੀ ਵਾਸਤੇ ਕੀਤੀ ਜੱਦੋਜਹਿਦ ਮਗਰੋਂ ਮਿਲੀ ਕਾਮਯਾਬੀ ਨੂੰ ਨਵੀਂ ਹਕੂਮਤ ਨੇ ਕੁਝ ਹੀ ਮਹੀਨਿਆਂ ਵਿੱਚ ਮਿੱਟੀ ਵਿਚ ਮਿਲਾ ਦਿੱਤਾ ਹੈ।” ਇਸ ਹਕੂਮਤ ਨੇ ਕਿਸ ਪ੍ਰਕਾਰ ਦੀਆਂ ਪਾਬੰਦੀਆਂ ਲਗਾਈਆਂ ਹਨ, ਕਿਉਂ ਲਗਾਈਆਂ ਹਨ, ਇਨ੍ਹਾਂ ਦੇ ਕੀ ਮਾੜੇ ਪ੍ਰਭਾਵ ਪੈ ਰਹੇ ਹਨ ਅਤੇ ਭਵਿੱਖ ਵਿੱਚ ਇਨ੍ਹਾਂ ਤੋਂ ਬਚਣ ਵਾਸਤੇ ਅ.ਫਗਾਨਿਸਤਾਨ ਦੀਆਂ ਔਰਤਾਂ ਦੇ ਨਾਲ-ਨਾਲ ਮਨੁੱਖਤਾ ਵਿੱਚ ਵਿਸ਼ਵਾਸ ਰੱਖਦੇ ਬਾਕੀ ਲੋਕਾਂ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਵਿਸਥਾਰ ਵਿੱਚ ਜਾਨਣ ਦੀ ਜ਼ਰੂਰਤ ਹੈ।

ਅ.ਫਗਾਨਿਸਤਾਨ ਵਿੱਚ ਔਰਤਾਂ ਉੱਪਰ ਬੰਦਿਸ਼ਾਂ ਦਾ ਸਿਲਸਿਲਾ ਇਰਾਨ ਦੀ ‘ਨੈਤਿਕ ਪੁਲੀਸ’ ਦੇ ਐਲਾਨ ਨਾਲ ਹੀ ਸ਼ੁਰੂ ਹੋ ਗਿਆ ਸੀ। ਜਦੋਂ ਕਿਸੇ ਵੀ ਨੌਜਵਾਨ ਜੋੜੇ ਨੂੰ ਪਾਰਕਾਂ ’ਚ ਬੈਠਣ ਜਾਂ ਸੜਕਾਂ ’ਤੇ ਘੁੰਮਣ ਫਿਰਨ ’ਤੇ ਗ੍ਰਿ.ਫਤਾਰ ਕਰ ਲਿਆ ਜਾਂਦਾ ਸੀ।ਨੌਜਵਾਨ ਪੀੜ੍ਹੀ ਨੇ ਇਸ ਦਾ ਵਿਰੋਧ ਕੀਤਾ। ਇਸ ਹੁਕਮ ਨੂੰ ਜਲਦੀ ਹੀ ਵਾਪਸ ਲੈ ਲਿਆ ਸੀ, ਪਰ ਕਿਸੇ ਨਾ ਕਿਸੇ ਰੂਪ ਵਿੱਚ ਇਹ ਪਾਬੰਦੀਆਂ ਔਰਤਾਂ ਉੱਪਰ ਅਜੇ ਵੀ ਲਾਗੂ ਹਨ। 1990ਵਿਆਂ ਵਿੱਚ ਮੁਜਾਹਿਦੀਨ ਦੇ ਰਾਜਕਾਲ ਦੌਰਾਨ ਵੀ ਔਰਤਾਂ ਵਿਰੁੱਧ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਹੜੀਆਂ 2001 ਤੱਕ ਜਾਰੀ ਰਹੀਆਂ। ਬਾਅਦ ਵਿੱਚ ਕੌਮਾਂਤਰੀ ਸੰਸਥਾਵਾਂ ਦੇ ਦਖ਼ਲ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਿਤ ਜਥੇਬੰਦੀਆਂ ਦੇ ਦਬਾਅ ਕਾਰਨ ਇਨ੍ਹਾਂ ਨੂੰ ਕੁਝ ਹੱਦ ਤੱਕ ਘਟਾ ਦਿੱਤਾ ਗਿਆ ਸੀ ਪਰ 2021 ਤੋਂ ਤਾਲਿਬਾਨ ਹਕੂਮਤ ਨੇ ਮੁੜ ਸੱਤਾ ਵਿੱਚ ਆਉਣ ਮਗਰੋਂ ਔਰਤਾਂ ਦੇ ਮੁੱਢਲੇ ਅਧਿਕਾਰਾਂ ਦੀ ਸ਼ਰ੍ਹੇਆਮ ਉਲੰਘਣਾ ਕਰਦਿਆਂ ਕੁਝ ਅਜਿਹੇ ਫ਼ੁਰਮਾਨ ਜਾਰੀ ਕਰ ਦਿੱਤੇ ਹਨ:

ਛੇਵੀਂ ਜਮਾਤ ਤੋਂ ਬਾਅਦ ਉਚੇਰੀ ਪੜ੍ਹਾਈ ਲਈ ਲੜਕੀਆਂ ਦੇ ਸਕੂਲ ਜਾਂ ਕਾਲਜ ਵਿੱਚ ਜਾਣ ਦੀ ਮਨਾਹੀ ਹੈ, ਯੂਨੀਵਰਸਿਟੀ ਦੀ ਪੜ੍ਹਾਈ ਬਾਰੇ ਤਾਂ ਉਹ ਸੋਚ ਵੀ ਨਹੀਂ ਸਕਦੀਆਂ। ਲੜਕੀਆਂ ਘਰ ਤੋਂ ਬਾਹਰ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਵਿੱਚ ਕੰਮ ਕਰਨ ਲਈ ਨਹੀਂ ਜਾ ਸਕਦੀਆਂ, ਖ਼ਾਸ ਤੌਰ ’ਤੇ ਉਨ੍ਹਾਂ ਗ਼ੈਰ-ਸਰਕਾਰੀ ਸੰਸਥਾਵਾਂ ਵਿੱਚ ਜਿਹੜੀਆਂ ਅ.ਫਗਾਨਿਸਤਾਨ ਨੂੰ ਮਨੁੱਖਤਾ ਦੇ ਆਧਾਰ ’ਤੇ ਗਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ। ਬਿਨਾਂ ਕਿਸੇ ਜ਼ਰੂਰੀ ਕੰਮ ਤੋਂ ਲੜਕੀਆਂ ਇਕੱਲਿਆਂ ਘਰ ਤੋਂ ਬਾਹਰ ਨਹੀਂ ਜਾ ਸਕਦੀਆਂ, ਜੇਕਰ ਜਾਣਾ ਵੀ ਹੋਵੇ ਤਾਂ ਉਨ੍ਹਾਂ ਨਾਲ ਘਰ ਦਾ ਮਰਦ ਹੋਣਾ ਜ਼ਰੂਰੀ ਹੈ। ਇਕੱਲਿਆਂ ਸ.ਫਰ ਕਰਨ ਦੀ ਬਿਲਕੁਲ ਮਨਾਹੀ ਹੈ। ਘਰ ਤੋਂ ਬਾਹਰ ਨਿਕਲਣ ਵੇਲੇ ਬੁਰਕਾ, ਨਕਾਬ ਜਾਂ ਹਿਜਾਬ ਜ਼ਰੂਰੀ ਅਤੇ ਸਹੀ ਢੰਗ ਨਾਲ ਪਹਿਨਿਆ ਹੋਣਾ ਚਾਹੀਦਾ ਹੈ ਭਾਵ ਖ਼ਾਸ ਡਰੈੱਸ ਕੋਡ ਲਾਗੂ ਹੈ।ਉਲੰਘਣਾ ਕਰਨ ਵਾਲੀ ਔਰਤ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਸਕਦੀ ਹੈ ਜਿਸ ਦੀ ਜ਼ਿੰਮੇਵਾਰ ਉਹ ਖ਼ੁਦ ਹੋਵੇਗੀ। ਲੜਕੀਆਂ ਰਾਜਨੀਤਕ ਜਾਂ ਪ੍ਰਬੰਧਕੀ ਮਾਮਲਿਆਂ ਵਿੱਚ ਦਖਲ ਨਹੀਂ ਦੇ ਸਕਦੀਆਂ ਤੇ ਨਾ ਹੀ ਕੋਈ ਆਰਥਿਕ ਜਾਂ ਸਮਾਜਿਕ ਫ਼ੈਸਲੇ ਲੈ ਸਕਦੀਆਂ ਹਨ। ਇਸ ਵੇਲੇ ਅ.ਫਗਾਨਿਸਤਾਨ ਦੀ ਕੈਬਨਿਟ ਵਿੱਚ ਸਾਰੇ ਮਰਦ ਹੀ ਹਨ। ਇੱਥੋਂ ਤੱਕ ਕਿ ਔਰਤਾਂ ਨਾਲ ਸਬੰਧਤ ਮੰਤਰਾਲੇ ਨੂੰ ਵੀ ਸਰਕਾਰੀ ਤੌਰ ’ਤੇ ਖ਼ਤਮ ਕਰ ਦਿੱਤਾ ਗਿਆ ਹੈ।ਔਰਤਾਂ ਜਥੇਬੰਦ ਹੋ ਕੇ ਖੁੱਲ੍ਹੇਆਮ ਆਪਣੇ ਨਾਲ ਹੋ ਰਹੀ ਜ਼ਿਆਦਤੀ ਵਿਰੁੱਧ ਆਵਾਜ਼ ਨਹੀਂ ਉਠਾ ਸਕਦੀਆਂ। ਇਉਂ ਤਾਲਿਬਾਨ ਸਰਕਾਰ ਨੇ ਇਸਲਾਮੀ ਸ਼ਰੀਅਤ ਦੇ ਓਹਲੇ ਹੇਠ ਅਜਿਹੇ ਫ਼ੁਰਮਾਨ ਜਾਰੀ ਕੀਤੇ ਹਨ ਜਿਹੜੇ ਔਰਤਾਂ ਨੂੰ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ, ਆਜ਼ਾਦੀ ਅਤੇ ਸਿੱਖਿਆ ਪ੍ਰਾਪਤੀ ਤੋਂ ਇਲਾਵਾ ਰੁਜ਼ਗਾਰ ਦਾ ਅਧਿਕਾਰ ਅਤੇ ਆਰਥਿਕ, ਸਮਾਜਿਕ ਫ਼ੈਸਲੇ ਲੈਣ ਦੇ ਮੁੱਢਲੇ ਅਧਿਕਾਰਾਂ ਤੋਂ ਵਾਂਝਿਆਂ ਕਰਦੇ ਹਨ। ਇਹ ਸਾਰਾ ਕੁਝ ਨੌਜਵਾਨ ਪੀੜ੍ਹੀ ਨੂੰ ਮਨਜ਼ੂਰ ਨਹੀਂ।

ਅਸਲ ਵਿੱਚ ਤਾਲਿਬਾਨ ਦੀ ਕੱਟੜਤਾ ਨੇ ਮੌਜੂਦਾ ਅ.ਫਗਾਨਿਸਤਾਨ ਦੀ ਰਾਜਨੀਤਿਕ ਤੇ ਸਮਾਜਿਕ ਵਿਵਸਥਾ ਨੂੰ 1990ਵਿਆਂ ਜਿਹੇ ਦੌਰ ਵਿੱਚ ਮੁੜ ਧੱਕ ਦਿੱਤਾ ਹੈ ਜਿਸ ਨੂੰ ਯੂ.ਐੱਨ. ਦੀਆਂ ਔਰਤਾਂ ਦੀਆਂ ਜਥੇਬੰਦੀਆਂ ਨੇ ਸਖ਼ਤ ਘਾਲਣਾ ਕਰ ਕੇ ਥੋੜ੍ਹਾ ਬਹੁਤ ਠੀਕ ਕਰਨ ਦਾ ਯਤਨ ਕੀਤਾ ਸੀ। ਇਸ ਦੇ ਮੂਲ ਕਾਰਨ ਮਰਦ ਪ੍ਰਧਾਨ ਸਮਾਜਿਕ ਢਾਂਚਾ ਤੇ ਧਾਰਮਿਕ ਕੱਟੜਤਾ ਹਨ। ਇਸ ਦਾ ਸਿੱਧਾ ਪ੍ਰਭਾਵ ਅ.ਫਗਾਨਿਸਤਾਨ ਦੀ ਅਰਥ-ਵਿਵਸਥਾ ਉਪਰ ਪਿਆ ਹੈ। ਔਰਤਾਂ ਨੂੰ ਉਚੇਰੀ ਸਿੱਖਿਆ ਪ੍ਰਾਪਤੀ ਦੇ ਅਧਿਕਾਰ ਤੋਂ ਵਾਂਝਾ ਕਰਨ ਤੋਂ ਭਾਵ ਹੈ ਕਿ ਉਹ ਹੁਣ ਘਰ ਦੀ ਚਾਰਦੀਵਾਰੀ ਤੱਕ ਹੀ ਸੀਮਿਤ ਹੋ ਕੇ ਰਹਿ ਜਾਣਗੀਆਂ। ਮਾਪੇ ਜਲਦੀ ਵਿਆਹ ਕਰਨ ਲਈ ਮਜਬੂਰ ਹੋਣਗੇ। ਉਹ ਛੋਟੀ ਉਮਰ ਵਿੱਚ ਹੀ ਬੱਚਿਆਂ ਨੂੰ ਜਨਮ ਦੇਣਗੀਆਂ। ਛੋਟੀ ਉਮਰ ਦੇ ਵਿਆਹ ਵਿੱਚ ਨਾਸਮਝੀ ਕਾਰਨ ਹਿੰਸਕ ਘਟਨਾਵਾਂ ਵੀ ਜ਼ਿਆਦਾ ਹੁੰਦੀਆਂ ਹਨ। ਸਰੀਰਕ ਸ਼ੋਸ਼ਣ ਦੇ ਮੌਕੇ ਵਧ ਜਾਂਦੇ ਹਨ। ਅ.ਫਗਾਨਿਸਤਾਨ ਵਿੱਚ ਬੱਚਿਆਂ ਦੀ ਮੌਤ ਦਰ ਅਤੇ ਜਣੇਪੇ ਦੌਰਾਨ ਹੋਣ ਵਾਲੀਆਂ ਮਾਵਾਂ ਦੀ ਮੌਤ ਦਰ ਸਭ ਤੋਂ ਜ਼ਿਆਦਾ ਹੈ। ਪੈਦਾ ਹੋਣ ਵਾਲੇ ਹਰ 10 ਜਿਊਂਦੇ ਬੱਚਿਆਂ ਵਿੱਚੋਂ 4 ਬੱਚੇ ਪਹਿਲੇ ਸਾਲ ਵਿੱਚ ਹੀ ਮਰ ਜਾਂਦੇ ਹਨ। ਲੜਕੀਆਂ ਨੂੰ ਉਚੇਰੀ ਵਿੱਦਿਆ ਦੀ ਮਨਾਹੀ ਤੋਂ ਭਾਵ ਹੋਵੇਗਾ ਕਿ ਤੁਹਾਨੂੰ ਮਹਿਲਾ ਡਾਕਟਰ, ਨਰਸਾਂ, ਵਕੀਲ, ਅਧਿਆਪਕਾਵਾਂ ਆਦਿ ਨਹੀਂ ਮਿਲਣਗੀਆਂ। ਫਰਮਾਨ ਵਿੱਚ ਇਹ ਵੀ ਸ਼ਾਮਲ ਹੈ ਕਿ ਕਿਸੇ ਪ੍ਰਕਾਰ ਦੀ ਬਿਮਾਰੀ ਆਦਿ ਦੀ ਹਾਲਤ ਵਿੱਚ ਸਿਹਤ ਸੇਵਾਵਾਂ ਪ੍ਰਾਪਤ ਕਰਨ ਲਈ ਔਰਤਾਂ ਸਿਰ.ਫ ਲੇਡੀ ਡਾਕਟਰ ਕੋਲ ਹੀ ਜਾ ਸਕਦੀਆਂ ਹਨ। ਇਸ ਤੋਂ ਭਾਵ ਉਨ੍ਹਾਂ ਨੂੰ ਸਿਹਤ ਸਹੂਲਤਾਂ ਤੋਂ ਵੀ ਵਿਰਵਾ ਕਰਨਾ ਹੈ। ਘੱਟ ਸਿੱਖਿਅਤ ਹੋਣ ਕਾਰਨ ਉਹ ਰੁਜ਼ਗਾਰ ਦੀ ਮੰਡੀ ’ਚੋਂ ਵੀ ਬਾਹਰ ਹੋ ਜਾਂਦੀਆਂ ਹਨ। ਇਸ ਨਾਲ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦੀ ਦਰ ਵੀ ਘਟਦੀ ਹੈ। ਆਰਥਿਕ ਤੌਰ ’ਤੇ ਕਮਜ਼ੋਰ ਹੋਣ ਕਾਰਨ ਪਰਿਵਾਰ ਦੀ ਗ਼ਰੀਬੀ ਤੇ ਭੁੱਖਮਰੀ ਵਧੇਗੀ। ਅ.ਫਗਾਨਿਸਤਾਨ ਦੀ ਲਗਭਗ 55 ਤੋਂ 60 ਫ਼ੀਸਦੀ ਵਸੋਂ ਪਹਿਲਾਂ ਹੀ ਭੁੱਖਮਰੀ ਦੀ ਸ਼ਿਕਾਰ ਹੈ। ਦਰਅਸਲ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਸੰਕਟ ਕਾਰਨ ਸਾਰੀ ਮਨੁੱਖਤਾ ਸੰਕਟ ਵਿੱਚ ਹੈ। ਖਾਧ ਪਦਾਰਥਾਂ ਅਤੇ ਤੇਲ ਦੀਆਂ ਕੀਮਤਾਂ ਵਿੱਚ ਹੋ ਰਹੇ ਵਾਧੇ ਨਾਲ ਉੱਥੇ 95 ਫ਼ੀਸਦੀ ਵਸੋਂ ਗ਼ਰੀਬੀ ਦੀ ਮਾਰ ਹੇਠ ਹੈ। ਖ਼ਾਸ ਤੌਰ ’ਤੇ ਔਰਤਾਂ ਵੱਲੋਂ ਚਲਾਏ ਜਾ ਰਹੇ ਘਰ ਪਰਿਵਾਰ ਵਧੇਰੇ ਸੰਕਟ ਵਿੱਚ ਹਨ। ਇਸ ਵਰਤਾਰੇ ਨਾਲ ਔਰਤਾਂ ਦੇ ਸਮਾਜਿਕ ਰੁਤਬੇ ਦੇ ਨਾਲ-ਨਾਲ ਆਰਥਿਕ ਰੁਤਬਾ ਵੀ ਘਟਿਆ ਹੈ। ਉਨ੍ਹਾਂ ਦੇ ਕਮਾਈ ਦੇ ਸਾਧਨ ਨਾਂ-ਮਾਤਰ ਹੀ ਰਹਿ ਗਏ ਹਨ। ਹਕੂਮਤ ਵੱਲੋਂ ਔਰਤਾਂ ਦੇ ਕਿਸੇ ਵੀ ਗ਼ੈਰ ਸਰਕਾਰੀ ਸੰਸਥਾ ਵਿੱਚ ਕੰਮ ਕਰਨ ਦੀ ਮਨਾਹੀ ਕਾਰਨ ਇੱਕ ਪਾਸੇ ਤਾਂ ਇਹ ਔਰਤਾਂ ਦੇ ਕੰਮ ਕਰਨ ਅਤੇ ਰੋਜ਼ੀ ਰੋਟੀ ਕਮਾਉਣ ਦੇ ਅਧਿਕਾਰ ਉੱਪਰ ਸਿੱਧਾ ਹਮਲਾ ਹੈ ਅਤੇ ਦੂਜੇ ਪਾਸੇ ਇਸ ਦੇ ਨਾਲ ਹੀ ਇਸ ਫ਼ੁਰਮਾਨ ਤੋਂ ਬਾਅਦ ਅ.ਫਗਾਨਿਸਤਾਨ ਨੂੰ ਆਰਥਿਕ ਸੰਕਟ ਅਤੇ ਭੁੱਖਮਰੀ ਦੇ ਦੌਰ ਵਿੱਚੋਂ ਕੱਢਣ ਵਾਸਤੇ ਮਨੁੱਖਤਾ ਦੇ ਆਧਾਰ ’ਤੇ ਸਹਾਇਤਾ ਪ੍ਰਦਾਨ ਕਰ ਰਹੇ ਹੋਰ ਮੁਲਕਾਂ ਸਮੇਤ ਭਾਰਤ ਵਰਗੇ ਮੁਲਕ ਵੀ ਇਸ ਨੂੰ ਜਾਰੀ ਰੱਖਣ ਬਾਰੇ ਮੁੜ ਵਿਚਾਰ ਕਰਨ ਲੱਗੇ ਹਨ। ਅਜਿਹੇ ਫ਼ੁਰਮਾਨ ਮੁੱਢਲੇ ਮਨੁੱਖੀ ਅਧਿਕਾਰਾਂ ਦੇ ਖ਼ ?ਲਾਫ਼ ਹਨ ਅਤੇ ਕੋਈ ਵੀ ਮੁਲਕ ਇਨ੍ਹਾਂ ਅਧਿਕਾਰਾਂ ਦੀ ਉਲੰਘਣਾ ਨਹੀਂ ਕਰ ਸਕਦਾ। ਯੂ.ਐੱਨ. ਕਮਿਸ਼ਨ ਦੀ ਔਰਤ ਜਥੇਬੰਦੀ ਨੇ ਤਾਲਿਬਾਨ ਦੇ ਇਸ ਵਰਤਾਰੇ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

ਇਹ ਸੰਕਟ ਸਿਰ.ਫ ਅ.ਫਗਾਨ ਔਰਤਾਂ ਦਾ ਹੀ ਨਹੀਂ ਸਗੋਂ ਔਰਤਾਂ ਦੇ ਹੱਕਾਂ ਦੀ ਪ੍ਰਾਪਤੀ ਵਾਸਤੇ ਵਿਸ਼ਵ ਪੱਧਰ ’ਤੇ ਲੜਿਆ ਜਾਣ ਵਾਲਾ ਸੰਘਰਸ਼ ਹੈ। ਧਾਰਮਿਕ ਕੱਟੜਤਾ ਕਿਤੇ ਵੀ, ਕਿਸੇ ਵੀ ਸਮੇਂ ਆਪਣੇ ਪੈਰ ਪਸਾਰ ਸਕਦੀ ਹੈ। ਮੂਲਵਾਦੀ ਸਰਕਾਰ ਦੀ ਸੌੜੀ ਰਾਜਨੀਤੀ ‘ਪਾੜੋ ਤੇ ਰਾਜ ਕਰੋ’ ਦੇ ਸਿਧਾਂਤ ਉੱਪਰ ਚਲਦੀ ਹੈ ਜਿਸ ਦੀ ਮਾਰ ਹੇਠ ਕਿਸੇ ਵੀ ਸਮੇਂ ਕੋਈ ਵੀ ਮੁਲਕ ਆ ਸਕਦਾ ਹੈ। ਇਸ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ। ਕਿਸੇ ਧਰਮ ਵਿੱਚ ਵਿਸ਼ਵਾਸ ਰੱਖਣਾ ਜਾਂ ਨਾ ਰੱਖਣਾ ਨਿੱਜੀ ਮਾਮਲਾ ਹੈ ਅਤੇ ਇਹ ਸੰਵਿਧਾਨਕ ਹੱਕ ਵੀ ਹੈ।

ਇਸ ਲਈ ਨਵੇਂ ਸਾਲ 2023 ਵਿੱਚ ਸੁਚਾਰੂ ਅਤੇ ਜਮਹੂਰੀਅਤ ਸੋਚ ਦੇ ਧਾਰਨੀ ਲੋਕਾਂ ਨੂੰ ਇਹ ਯਤਨ ਕਰਨਾ ਚਾਹੀਦਾ ਹੈ ਕਿ ਔਰਤਾਂ ਦੇ ਅਧਿਕਾਰ ਸਹੀ ਅਰਥਾਂ ਵਿੱਚ ਬਰਕਰਾਰ ਰਹਿਣ, ਉਹ ਹਰ ਪ੍ਰਕਾਰ ਦੀ ਹਿੰਸਾ ਤੋਂ ਮੁਕਤ ਹੋਣ ਅਤੇ ਉਨ੍ਹਾਂ ਦਾ ਅਜੋਕੇ ਸਮਾਜ ਵਿੱਚ ਬਰਾਬਰੀ ਦਾ ਰੁਤਬਾ ਬਣਿਆ ਰਹੇ। ਯੂ.ਐਨ.ਓ. ਅਤੇ ਹੋਰ ਦੇਸ਼ਾਂ ਸਮੇਤ ਭਾਰਤ ਨੂੰ ਵੀ ਕੌਮਾਂਤਰੀ ਪੱਧਰ ’ਤੇ ਅਪੀਲ ਕਰਨੀ ਚਾਹੀਦੀ ਹੈ ਕਿ ਕੱਟੜਪੰਥੀਆਂ ਵੱਲੋਂ ਔਰਤਾਂ ਦੀ ਜ਼ਿੰਦਗੀ ਤੇ ਆਜ਼ਾਦੀ ਵਿਰੁੱਧ ਜਾਰੀ ਕੀਤੇ ਫ਼ੁਰਮਾਨ ਜਲਦੀ ਹੀ ਵਾਪਸ ਲਏ ਜਾਣ। ਇਸੇ ਵਿੱਚ ਸਾਰੀ ਮਨੁੱਖਤਾ ਦਾ ਭਲਾ ਹੈ।

**ਕੰਵਲਜੀਤ ਕੌਰ ਗਿੱਲ***

# ਸੁਆਲਾਂ ਦੇ ਘੇਰੇ ਵਿਚ

ਪੰਜਾਬ ਵਿਚ ਪਿਛਲੇ ਕਾਫੀ ਦਿਨਾਂ ਤੋਂ ਇਕ ਜਥੇਬੰਦੀ ਵਲੋਂ ਦਰਜਨ ਤੋਂ ਵਧੇਰੇ ਟੋਲ ਪਲਾਜ਼ਿਆਂ ਨੂੰ ਪਰਚੀ ਮੁਕਤ ਰੱਖਣ ਤੋਂ ਬਾਅਦ ਹੁਣ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਵਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਇਕ ਪਟੀਸ਼ਨ ਦਾਇਰ ਕੀਤੀ ਗਈ ਹੈ, ਇਸ ਸੰਬੰਧੀ ਹਾਈਕੋਰਟ ਦੇ ਬੈਂਚ ਨੇ ਪੰਜਾਬ ਸਰਕਾਰ ਨੂੰ ਨੋਟਿਸ ਭੇਜ ਕੇ ਮਾਮਲੇ ਦੀ ਸਥਿਤੀ ਸੰਬੰਧੀ ਵੇਰਵੇ ਸਹਿਤ ਰਿਪੋਰਟ ਭੇਜਣ ਦੀ ਜੋ ਹਦਾਇਤ ਕੀਤੀ ਹੈ, ਉਸ ਤੋਂ ਇਹ ਜ਼ਰੂਰ ਸਪੱਸ਼ਟ ਹੋ ਗਿਆ ਹੈ ਕਿ ਅੱਜ ਪੰਜਾਬ ਵਿਚ ਸਰਕਾਰ ਅਤੇ ਪ੍ਰਸ਼ਾਸਨ ਨਾਂਅ ਦੀ ਕੋਈ ਚੀਜ਼ ਨਹੀਂ ਹੈ। ਹਾਲਤ ਇਹ ਹੈ ਕਿ ਜਿਥੇ ਕਿਤੇ ਵੀ ਕਿਸੇ ਮੁੱਦੇ ’ਤੇ ਅੰਦੋਲਨ ਕਰਨ ਵਾਲੇ ਲੋਕਾਂ ਦਾ ਦਿਲ ਕਰਦਾ ਹੈ ਉਹ ਸੜਕਾਂ ਰੋਕ ਕੇ ਬੈਠ ਜਾਂਦੇ ਹਨ। ਰੇਲਾਂ ਰੋਕਣ ਦੇ ਅਲਟੀਮੇਟਮ ਦਿੱਤੇ ਜਾਂਦੇ ਹਨ ਅਤੇ ਟੋਲ ਪਲਾਜ਼ਿਆਂ ਨੂੰ ਵੀ ਪਰਚੀ ਮੁਕਤ ਕਰ ਦਿੱਤਾ ਜਾਂਦਾ ਹੈ।

ਮਹੀਨਿਆਂ ਤੋਂ ਅਜਿਹਾ ਕੁਝ ਨਿਰੰਤਰ ਵਾਪਰਦਾ ਰਿਹਾ ਹੈ। ਆਮ ਲੋਕ ਬੇਹੱਦ ਤੰਗ ਪ੍ਰੇਸ਼ਾਨ ਹੋ ਰਹੇ ਹਨ। ਵਪਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ।ਪਹਿਲਾਂ ਹੀ ਔਖਾ-ਸੌਖਾ ਘੁੰਮਦਾ ਸਨਅਤੀ ਪਹੀਆ ਹੁਣ ਢਿਚਕੂ-ਢਿਚਕੂ ਕਰਨ ਲੱਗਾ ਹੈ। ਜਿਥੇ ਕਿਤੇ ਵੀ ਵੇਖੋ ਦੁਹਾਈ ਮਚੀ ਦਿਖਾਈ ਦਿੰਦੀ ਹੈ ਪਰ ਅਜਿਹਾ ਲਗਦਾ ਹੈ ਕਿ ਸਰਕਾਰ ਅਤੇ ਪ੍ਰਸ਼ਾਸਨ ਇਹ ਸਭ ਕੁਝ ਮੂਕ ਦਰਸ਼ਕ ਬਣ ਕੇ ਦੇਖ ਰਿਹਾ ਹੈ। ਉਸ ਤੋਂ ਆਪਣੇ ਫ਼ਰਜ਼ਾਂ ਦੀ ਪਾਲਣਾ ਨਹੀਂ ਹੋ ਰਹੀ। ਉਹ ਡਿਗਦੇ ਢਹਿੰਦੇ ਪੰਜਾਬ ਨੂੰ ਬੇਵਸੀ ਨਾਲ ਦੇਖ ਰਿਹਾ ਹੈ। ਜਨ ਸਾਧਾਰਣ ਦੀ ਬੇਸਬਰੀ ਵਧਦੀ ਜਾ ਰਹੀ ਹੈ। ਸਰਕਾਰ ਵਿਰੁੱਧ ਲੋਕਾਂ ਦਾ ਗੁੱਸਾ ਅਸਮਾਨ ’ਤੇ ਪੁੱਜਣਾ ਸ਼ੁਰੂ ਹੋ ਗਿਆ ਹੈ। ਸੂਬੇ ਵਿਚ ਸ਼ਾਇਦ ਹੀ ਪਹਿਲਾਂ ਕਦੇ ਸਰਕਾਰ ਦੀ ਅਜਿਹੀ ਮਾੜੀ ਕਾਰਗੁਜ਼ਾਰੀ ਲੋਕਾਂ ਨੇ ਵੇਖੀ ਹੋਵੇ। ਗੱਲ ਕੌਮੀ ਸ਼ਾਹ ਰਾਹਾਂ ਦੀ ਹੈ। ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਵਿਚਕਾਰ ਹੋਏ ਇਕ ਸਮਝੌਤੇ ਅਧੀਨ ਇਨ੍ਹਾਂ ਸ਼ਾਹ ਰਾਹਾਂ ਦੀ ਉਸਾਰੀ ਤੇ ਦੇਖਭਾਲ ਕੇਂਦਰੀ ਏਜੰਸੀ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ (ਐਨ.ਏ.ਐਚ.ਆਈ.) ਨੂੰ ਦਿੱਤੀ ਗਈ ਹੈ। ਇਸ ਸਮੇਂ ਸੂਬੇ ਅੱਗੇ 2010 ਵਿਚ ਹੋਏ ਸਮਝੌਤੇ ਅਧੀਨ ਰਾਜ ਦੀਆਂ ਵੱਖ-ਵੱਖ ਕੌਮੀ ਸੜਕਾਂ ’ਤੇ 34 ਟੋਲ ਪਲਾਜ਼ੇ ਚੱਲ ਰਹੇ ਹਨ, ਕਿਉਂਕਿ ਕੇਂਦਰੀ ਹਾਈਵੇ ਅਥਾਰਟੀ ਨੇ ਸੰਬੰਧਿਤ ਸੜਕਾਂ ਦੀ ਉਸਾਰੀ ਤੇ ਦੇਖਭਾਲ ਦਾ ਕੰਮ ਨਾਲ ਨਿੱਜੀ ਕੰਪਨੀਆਂ ਨੂੰ ਦਿੱਤਾ ਹੋਇਆ ਹੈ। ਪਿਛਲੇ ਸਾਲ 15 ਦਸੰਬਰ ਤੋਂ ਮੁਜ਼ਾਹਰਾਕਾਰੀਆਂ ਨੇ ਇਹ ਟੋਲ ਪਲਾਜ਼ੇ ਬੰਦ ਭਾਵ ਪਰਚੀ ਮੁਕਤ ਕਰ ਦਿੱਤੇ ਸਨ। ਸੂਬੇ ਦੇ 6 ਜ਼ਿਲ੍ਹਿਆਂ ਵਿਚ 13 ਟੋਲ ਪਲਾਜ਼ਿਆਂ ਨੂੰ ਬੰਦ ਕਰਨ ਨਾਲ ਹੁਣ ਤਕ ਕੇਂਦਰੀ ਏਜੰਸੀ ਤੇ ਨਿੱਜੀ ਕੰਪਨੀਆਂ ਨੂੰ 28 ਕਰੋੜ ਦਾ ਘਾਟਾ ਪੈ ਚੁੱਕਾ ਹੈ। ਇਨ੍ਹਾਂ ਵਿਚ ਇਕ ਟੋਲ ਪਲਾਜ਼ਾ ਤਾਂ ਅਜਿਹਾ ਹੈ ਜਿਥੇ ਪਿਛਲੇ 2 ਮਹੀਨੇ ਤੋਂ ਮੁਜ਼ਾਹਰਾਕਾਰੀਆਂ ਨੇ ਆਪ ਵਸੂਲੀ ਸ਼ੁਰੂ ਕੀਤੀ ਹੋਈ ਹੈ। ਇਸ ਸੰਬੰਧੀ ਸੰਬੰਧਤ ਕੰਪਨੀਆਂ ਨੇ ਇਨ੍ਹਾਂ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਮੁਖੀਆਂ ਨੂੰ ਲਗਾਤਾਰ ਲਿਖ ਕੇ ਸ਼ਿਕਾਇਤਾਂ ਭੇਜੀਆਂ ਹਨ। ਇਹ ਵੀ ਲਿਖਿਆ ਹੈ ਕਿ ਉਨ੍ਹਾਂ ਦੇ ਕਰਿੰਦਿਆਂ ਅਤੇ ਕੰਪਨੀ ਦੀ ਜਾਇਦਾਦ ਦਾ ਇਸ ਸਮੇਂ ਵਿਚ ਵੱਡਾ ਨੁਕਸਾਨ ਕੀਤਾ ਗਿਆ ਹੈ। ਪਰ ਲਗਾਤਾਰ ਅਜਿਹਾ ਵਾਪਰ ਰਿਹਾ ਹੋਣ ਦੇ ਬਾਵਜੂਦ ਪ੍ਰਸ਼ਾਸਨ ਟੱਸ ਤੋਂ ਮੱਸ ਨਹੀਂ ਹੋਇਆ। ਸਰਕਾਰ ਇਹ ਸਭ ਕੁਝ ਵੇਖਦਿਆਂ ਕਬੂਤਰ ਵਾਂਗ ਅੱਖਾਂ ਮੀਟੀ ਬੈਠੀ ਹੈ। ਅਖ਼ੀਰ ਪੰਜਾਬ ਸਰਕਾਰ ਦੀ ਬੁਰੀ ਤਰ੍ਹਾਂ ਨਾਕਾਮੀ ਨੂੰ ਦੇਖਦਿਆਂ ਹੁਣ ਕੇਂਦਰੀ ਹਾਈਵੇ ਅਥਾਰਟੀ ਵਲੋਂ ਉੱਚ ਅਦਾਲਤ ਕੋਲ ਗੁਹਾਰ ਲਗਾਈ ਗਈ ਹੈ। ਇਸ ਤੋਂ ਬਾਅਦ ਵੀ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ। ਇਥੇ ਇਹ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਪਿਛਲੇ ਸਾਲ ਕਿਸਾਨ ਅੰਦੋਲਨ ਦੌਰਾਨ ਪੰਜਾਬ ਭਰ ਦੇ ਟੋਲ ਪਲਾਜ਼ੇ 440 ਦਿਨਾਂ ਤਕ ਬੰਦ ਰਹੇ ਸਨ। ਇਸ ਦਾ ਕੇਂਦਰੀ ਹਾਈਵੇ ਅਥਾਰਟੀ ਨੂੰ 1400 ਕਰੋੜ ਦੇ ਕਰੀਬ ਨੁਕਸਾਨ ਹੋਇਆ ਸੀ ਅਤੇ ਇਸ ਕੰਮ ਵਿਚ ਲੱਗੇ ਹਜ਼ਾਰਾਂ ਹੀ ਨੌਜੁਆਨ ਬੇਰੁਜ਼ਗਾਰ ਹੋ ਗਏ ਸਨ। ਉੱਚ ਅਦਾਲਤ ਵਲੋਂ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਇਸ ਸਥਿਤੀ ਸੰਬੰਧੀ ਜੋ ਰਿਪੋਰਟ ਦੀ ਮੰਗ ਕੀਤੀ ਗਈ ਹੈ, ਉਸ ਸੰਬੰਧੀ ਸਰਕਾਰ ਕੀ ਜੁਆਬ ਦੇਵੇਗੀ, ਇਹ ਤਾਂ ਦੇਖਣ ਵਾਲੀ ਗੱਲ ਹੈ ਪਰ ਜਿਥੋਂ ਤਕ ਸੂਬਾ ਸਰਕਾਰ ਦੀ ਆਪਣੀ ਦੇਖ-ਰੇਖ ਹੇਠ ਚੱਲ ਰਹੀਆਂ ਸੜਕਾਂ ਦਾ ਹਾਲ ਹੈ, ਉਹ ਵੀ ਬਹੁਤੀਆਂ ਥਾਂਵਾਂ ’ਤੇ ਬੁਰਾ ਹੀ ਦਿਖਾਈ ਦਿੰਦਾ ਹੈ। ਇਨ੍ਹਾਂ ’ਤੇ ਪਏ ਖੱਡਿਆਂ ਦਾ ਅਤੇ ਹੋਈ ਮੰਦਹਾਲੀ ਦਾ ਸਰਕਾਰ ਕੋਲ ਕੋਈ ਜੁਆਬ ਨਹੀਂ ਹੈ। ਉਹ ਤਾਂ ਫਟੇ ਕੱਪੜਿਆਂ ਵਾਂਗ ਸਿਉਣਾਂ ਲਗਾਉਣ ਜੋਗੀ ਵੀ ਨਹੀਂ ਰਹੀ। ਗੱਲ ਸੜਕਾਂ ਦੀ ਹੀ ਨਹੀਂ ਪਿਛਲੇ 10 ਮਹੀਨਿਆਂ ਵਿਚ ਅਨੇਕਾਂ ਥਾਵਾਂ ’ਤੇ ਜੋ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਨੀਂਹ ਪੱਥਰ ਰੱਖੇ ਗਏ ਹਨ, ਬਹੁਤੀਆਂ ਥਾਵਾਂ ’ਤੇ ਉਨ੍ਹਾਂ ਦੇ ਕੰਮ ਸ਼ੁਰੂ ਨਹੀਂ ਹੋ ਸਕੇ। ਸਰਕਾਰ ਦੀ ਵਿੱਤੀ ਹਾਲਤ ਇਹ ਹੈ ਕਿ ਕੁਝ ਮਹੀਨਿਆਂ ਦੇ ਅਰਸੇ ਦੌਰਾਨ ਹੀ ਉਸ ਨੂੰ 30 ਹਜ਼ਾਰ ਕਰੋੜ ਤੋਂ ਵਧੇਰੇ ਦਾ ਹੋਰ ਕਰਜ਼ਾ ਚੁੱਕਣਾ ਪਿਆ ਹੈ, ਜਿਸ ਨੂੰ ਮੋੜਨ ਬਾਰੇ ਆਉਂਦੇ ਲੰਮੇ ਸਮੇਂ ਤਕ ਸੋਚਿਆ ਵੀ ਨਹੀਂ ਜਾ ਸਕਦਾ। ਜੇ ਅਜਿਹੇ ਹਾਲਾਤ ਬਣੇ ਰਹੇ ਤਾਂ ਆਉਂਦੇ ਸਮੇਂ ਵਿਚ ਸਰਕਾਰ ਨੂੰ ਵਿਆਜ ਦੇਣ ਦੇ ਵੀ ਲਾਲੇ ਪੈ ਜਾਣਗੇ। ਬਿਨਾਂ ਸ਼ੱਕ ਸਰਕਾਰ ਦੀ ਅਜਿਹੀ ਨਾਕਸ ਕਾਰਗੁਜ਼ਾਰੀ ਨੇ ਅੱਜ ਆਮ ਲੋਕਾਂ ਵਿਚ ਵੀ ਵੱਡਾ ਰੋਸ ਪੈਦਾ ਕੀਤਾ ਹੈ। ਹਾਲੇ ਤਾਂ ਸਰਕਾਰ ਬਣੀ ਨੂੰ ਸਾਲ ਵੀ ਨਹੀਂ ਗੁਜ਼ਰਿਆ, ਪਰ ਸੂਬੇ ਦੇ ਭਵਿੱਖ ਨੂੰ ਲੈ ਕੇ ਲੋਕਾਂ ਵਿਚ ਚਿੰਤਾ ਵਧਣ ਲੱਗੀ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਸ਼ਪੈਸ਼ਲ ਕੋਰੋਸਪੌਂਡੈਂਸ :
ਫੋਟੋਗ੍ਰਾਫਰ : ਹਮਾਦ
ਗਗਨਦੀਪ ਸਿੰਘ (ਇੰਡੀਆ)
ਐਡੀਟੋਰੀਅਲ ਇਟਰਨ : ਰੌਬਿਨ ਸਿੰਘ ਥਿੰਦ
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)

Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

**Disclaimer** The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

# ਆਪਰੇਸ਼ਨ ਬਲੂ ਰਾਹੁਲ ਗਾਂਧੀ: ਸਿੱਖ ਕਤਲੇਆਮ ਤੇ ਸਟਾਰ ਉੱਤੇ ਮਾਫ਼ੀ ਦੀ ਮੰਗ, ਕੀ ਕਾਂਗਰਸ ਨੇ ਕਦੇ ਮਾਫ਼ੀ ਮੰਗੀ

ਕਾਂਗਰਸ ਆਗੂ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਪੰਜਾਬ ਵਿੱਚ ਦਾਖਲ ਹੋ ਚੁੱਕੀ ਹੈ। ਸੂਬੇ ਵਿੱਚ ਯਾਤਰਾ ਸ਼ੁਰੂ ਕਰਨ ਤੋਂ ਪਹਿਲਾਂ 10 ਜਨਵਰੀ ਨੂੰ ਰਾਹੁਲ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। 11 ਜਨਵਰੀ ਨੂੰ ਵੀ ਸਵੇਰੇ ਫਤਹਿਗੜ੍ਹ ਸਾਹਿਬ ਵਿੱਚ ਗੁਰਦੁਆਰਾ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਉਨ੍ਹਾਂ ਦਿੱਲੀ ਅੰਮ੍ਰਿਤਸਰ ਕੌਮੀ ਸ਼ਾਹ ਮਾਰਗ ਦਾ ਰਾਹ ਫੜਿ ਆ।

ਪੰਜਾਬ ਵਿੱਚ ਇਹ ਯਾਤਰਾ 7 ਦਿਨਾਂ ਵਿੱਚ ਖੰਨਾ, ਸਾਹਨੇਵਾਲ, ਲੁਧਿਆਣਾ, ਫਿਲੌਰ, ਗੁਰਾਇਆ, ਫਗਵਾੜਾ, ਜਲੰਧਰ, ਭੋਗਪੁਰ, ਟਾਂਡਾ-ਉੜਮੁੜ, ਦਸੂਹਾ, ਮੁਕੇਰੀਆਂ ਹੁੰਦੀ ਹੋਈ ਪਠਾਨਕੋਟ ਵਿੱਚ 19 ਜਨਵਰੀ ਨੂੰ ਰੈਲੀ ਕਰਨ ਤੋਂ ਬਾਅਦ ਜੰਮੂ-ਕਸ਼ਮੀਰ 'ਚ ਦਾਖਲ ਹੋ ਜਾਵੇਗੀ।

13 ਜਨਵਰੀ ਨੂੰ ਲੋਹੜੀ ਕਾਰਨ ਛੁੱਟੀ ਅਤੇ ਇੱਕ ਦਿਨ ਹਿਮਾਚਲ ਲਈ ਰੱਖਿਆ ਗਿਆ ਹੈ।

**ਭਾਰਤ ਜੋੜੋ ਯਾਤਰਾ ਦਾ ਮਕਸਦ**

ਰਾਹੁਲ ਗਾਂਧੀ ਨੇ ਭਾਰਤ ਜੋੜੋ ਯਾਤਰਾ ਦੀ ਸ਼ੁਰੂਆਤ 100 ਦੇ ਕਰੀਬ ਕਾਂਗਰਸੀ ਵਰਕਰਾਂ ਨਾਲ 7 ਸਤੰਬਰ 2022 ਨੂੰ ਕੰਨਿਆਕੁਮਾਰੀ ਤੋਂ ਕੀਤੀ ਸੀ। ਇਸ ਯਾਤਰਾ ਦੌਰਾਨ ਉਨ੍ਹਾਂ ਨੇ ਪੰਜ ਮਹੀਨਿਆਂ ਵਿੱਚ 12 ਸੂਬਿਆਂ ਵਿੱਚੋਂ ਲੰਘਦੇ ਹੋਏ 3,570 ਕਿਲੋਮੀਟਰ ਦਾ ਸਫ਼ਰ ਕਰਨਾ ਹੈ। ਇਸ ਯਾਤਰਾ ਨੂੰ ਉਹ ਆਪਣੇ ਲਈ ਤਪੱਸਿਆ ਵਾਂਗ ਦੱਸ ਰਹੇ ਹਨ ਅਤੇ ਇਸ ਨੂੰ ਦੇਸ਼ ਵਿੱਚ ਫਿਰਕਾਪ੍ਰਸਤੀ ਤੇ ਨਫ਼ਰਤ ਵਾਲੇ ਮਾਹੌਲ ਖਿਲਾਫ਼ ਸਮਾਜਿਕ ਲਹਿਰ ਦੱਸ ਰਹੇ ਹਨ। ਭਾਵੇਂ ਕਿ ਕਾਂਗਰਸ ਪਾਰਟੀ ਦਾ ਸਮੁੱਚਾ ਕਾਡਰ ਇਸ ਯਾਤਰਾ ਵਿੱਚ ਭਰਵੀਂ ਸ਼ਮੂਲੀਅਤ ਕਰ ਰਿਹਾ ਹੈ, ਇਸ ਦੇ ਨਾਲ ਨਾਲ ਬਹੁਤ ਸਾਰੇ ਵਿਰੋਧੀ ਪਾਰਟੀਆਂ ਦੇ ਆਗੂ, ਸਮਾਜਿਕ ਕਲਾਕਾਰ, ਸਾਬਕਾ ਫੌਜੀ ਅਫ਼ਸਰ, ਆਰਥਿਕ ਮਾਹਰ, ਲੇਖਕ ਤੇ ਕਲਾਕਾਰ ਵੀ ਸ਼ਮੂਲੀਅਤ ਕਰ ਰਹੇ ਹਨ।

**ਪੰਜਾਬ ਦੀ ਸਿਆਸਤ ਉੱਤੇ ਅਸਰ**

ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦਾ ਪੰਜਾਬ ਦੀ ਸਿਆਸਤ ਅਤੇ ਪਾਰਟੀ ਦੀ ਅੰਦਰੂਨੀ ਧੜੇਬੰਦੀ ਉੱਤੇ ਕੀ ਅਸਰ ਪੈ ਸਕਦਾ ਹੈ, ਇਸ ਬਾਰੇ ਜਾਣਨ ਲਈ ਅਸੀਂ ਸੀਨੀਅਰ ਪੱਤਰਕਾਰ ਜਗਤਾਰ ਸਿੰਘ ਨਾਲ ਗੱਲਬਾਤ ਕੀਤੀ। ਜਗਤਾਰ ਸਿੰਘ ਕਹਿੰਦੇ ਹਨ ਕਿ ਇਸ ਯਾਤਰਾ ਦਾ ਮਕਸਦ ਲੋਕਾਂ ਨੂੰ ਮੁਲਕ ਵਿੱਚ ਚੱਲ ਰਹੇ ਸਿਆਸੀ ਬਿਰਤਾਂਤ ਬਾਰੇ ਜਾਗਰੂਕ ਕਰਨ ਦਾ ਹੈ। ਉਹ ਕਹਿੰਦੇ ਹਨ, ਬਿਨਾਂ ਸ਼ੱਕ ਇਸ ਦਾ ਪੰਜਾਬ ਅਤੇ ਮੁਲਕ ਦੀ ਸਿਆਸਤ ਉੱਤੇ ਅਸਰ ਪਵੇਗਾ। ਇਸ ਯਾਤਰਾ ਨੇ ਰਾਹੁਲ ਗਾਂਧੀ ਨੂੰ ਇੱਕ ਨਵੇਂ ਅਤਵਾਰ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਉਹ ਕਹਿੰਦੇ ਹਨ ਕਿ ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਰਾਹੁਲ ਜਿਸ ਤਰੀਕੇ ਨਾਲ ਪੰਜਾਬ ਵਿੱਚ ਦਾਖਲ ਹੋਏ ਹਨ, ਉਸ ਨਾਲ ਕਾਂਗਰਸ ਦੀ ਦਿਖ ਲਈ ਨਵਾਂ ਬਿਰਤਾਂਤ ਘੜਨ ਦੀ ਕੋਸ਼ਿਸ਼ ਕੀਤੀ ਗਈ ਹੈ।

"ਮੀਡੀਆ ਤੇ ਸਿਆਸੀ ਹਲਕਿਆ ਵਿੱਚ ਇਸਦਾ ਹਾਂਪੱਖ਼ੀ ਅਸਰ ਵੀ ਨਜ਼ਰ ਆ ਰਿਹਾ ਹੈ। ਭਾਵੇਂ ਕਿ ਦਰਬਾਰ ਸਾਹਿਬ ਜਾਣਾ ਕੋਈ ਨਵੀਂ ਗੱਲ ਨਹੀਂ ਹੈ, ਪਰ ਇਸ ਵਾਰ ਦਾ ਬਿਰਤਾਂਤ ਥੋੜ੍ਹਾ ਅਲੱਗ ਨਜ਼ਰ ਆਇਆ ਹੈ।" ਜਗਤਾਰ ਸਿੰਘ ਕਹਿੰਦੇ ਹਨ ਕਿ ਯਾਤਰਾ ਦਾ ਅਸਰ ਪਾਰਟੀ ਉੱਤੇ ਤਾਂ ਹੀ ਪਵੇਗਾ ਜੇਕਰ ਅਗਲੇ ਕਦਮ ਤਹਿਤ ਜ਼ਮੀਨੀ ਪੱਧਰ ਉੱਤੇ ਪਾਰਟੀ ਢਾਂਚੇ ਨੂੰ ਦਰੁਸਤ ਕਰਨ ਦੀ ਕੋਸ਼ਿਸ਼ ਹੁੰਦੀ ਹੈ। 'ਇਸ ਯਾਤਰਾ ਦੌਰਾਨ ਪਾਰਟੀ ਦੇ ਸਾਰੇ ਆਗੂ ਇਕੱਠੇ ਨਜ਼ਰ ਆਏ, ਪਰ ਸਵਾਲ ਇਹ ਹੈ ਕਿ ਇੰਨੇ ਨਾਲ ਹੀ ਧੜੇਬੰਦੀ ਖ਼ਤਮ ਹੋ ਜਾਵੇਗੀ, ਅਜਿਹਾ ਨਹੀਂ ਲੱਗਦਾ। ਹਾਂ ਇਹ ਸਿਰਫ਼ ਇਕਜੁਟਤਾ ਦਾ ਪ੍ਰਗਟਾਵਾ ਜ਼ਰੂਰ ਹੈ।" ਪਰ ਇਸ ਤੋਂ ਅੱਗੇ ਪਾਰਟੀ ਦੇ ਢਾਂਚੇ ਨੂੰ ਦਰੁਸਤ ਕਰਨ ਦੀ ਲੋੜ ਹੈ।

**ਪੰਜਾਬ ਵਿੱਚ ਸਿਆਸੀ ਮੁੱਦਾ**

ਰਾਹੁਲ ਗਾਂਧੀ ਦੇ ਪੰਜਾਬ ਵਿੱਚ ਦਾਖਲ ਹੋਣ ਤੋਂ ਪਹਿਲਾਂ ਹੀ ਇਹ ਸੂਬੇ ਵਿੱਚ ਸਿਆਸੀ ਮੁੱਦਾ ਬਣ ਕੇ ਉਭਰਨ ਲੱਗ ਪਿਆ ਸੀ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਨ੍ਹਾਂ ਦੀ ਬਠਿੰਡਾ ਤੋਂ ਸੰਸਦ ਮੈਂਬਰ ਪਤਨੀ ਹਰਸਿਮਰਤ ਕੌਰ ਬਾਦਲ 1984 ਦੇ ਆਪਰੇਸ਼ਨ ਬਲੂ ਸਟਾਰ ਅਤੇ ਸਿੱਖ ਵਿਰੋਧੀ ਕਤਲੇਆਮ ਦੇ ਹਵਾਲੇ ਨਾਲ ਤਿੱਖੀ ਬਿਆਨਬਾਜ਼ੀ ਕਰ ਰਹੇ ਹਨ। ਸੁਖਬੀਰ ਸਿੰਘ ਬਾਦਲ ਨੇ ਕਿਹਾ, "ਗਾਂਧੀ ਪਰਿਵਾਰ ਭਾਰਤ ਜੋੜਨ ਉੱਤੇ ਨਹੀਂ ਤੋੜਨ ਉੱਤੇ ਲੱਗਿਆ ਰਿਹਾ ਹੈ। ਇਹੀ ਪਰਿਵਾਰ ਹੈ ਜਿਸ ਨੇ ਦਰਬਾਰ ਸਾਹਿਬ ਉੱਤੇ ਹਮਲਾ ਕੀਤਾ। ਇਹੀ ਪਰਿਵਾਰ ਹੈ ਜਿਸ ਨੇ ਪੰਜਾਬ ਦਾ ਪਾਣੀ ਖੋਹਿਆ।""ਇੰਦਰਾ ਗਾਂਧੀ ਨੇ ਕਾਂਗਰਸੀ ਮੁੱਖ ਮੰਤਰੀ ਦਰਬਾਰਾ ਸਿੰਘ ਦੇ ਸਮੇਂ ਧੱਕੇ ਨਾਲ ਰਾਜਸਥਾਨ ਨਹਿਰ ਕਢਵਾਈ। ਇਸੇ ਤਰ੍ਹਾਂ ਐੱਸਵਾਈਐੱਲ ਨਹਿਰ ਦਾ ਨੀਂਹ ਪੱਥਰ ਵੀ ਇੰਦਰਾ ਗਾਂਧੀ ਨੇ ਹੀ ਰੱਖਿਆ।" ਸੁਖਬੀਰ ਬਾਦਲ ਇਲਜ਼ਾਮ ਲਾਉਂਦੇ ਹਨ ਕਿ ਗਾਂਧੀ ਪਰਿਵਾਰ ਅਤੇ ਕਾਂਗਰਸ ਨੇ ਜਿੰਨਾ ਨੁਕਸਾਨ ਪੰਜਾਬ ਦਾ ਕੀਤਾ ਹੈ, ਇੰਨਾ ਹੋਰ ਕਿਸੇ ਨੇ ਨਹੀਂ ਕੀਤਾ। ਇਸ ਲਈ ਇਹ ਯਾਤਰਾ ਇੱਕ ਡਰਾਮਾ ਹੈ।

ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਰਾਹੁਲ ਗਾਂਧੀ ਦੇ ਦਰਬਾਰ ਸਾਹਿਬ ਜਾਣ ਉੱਤੇ ਕਿਹਾ, "ਦਿੱਲੀ ਦੀਆਂ ਗਲ਼ੀਆਂ ਵਿੱਚ ਸਿੱਖਾਂ ਦੇ ਗਲ਼ਾਂ ਵਿੱਚ ਬਲ਼ਦੇ ਟਾਇਰ ਪਾਏ ਗਏ, ਪਰ ਅੱਜ ਤੱਕ ਕਾਂਗਰਸ ਨੇ ਮਾਫ਼ੀ ਨਹੀਂ ਮੰਗੀ।" ਚੁੱਘ ਕਹਿੰਦੇ ਹਨ, "ਦਰਬਾਰ ਸਾਹਿਬ ਉੱਤੇ ਟੈਂਕ ਚੜ੍ਹਾਉਣ ਵਾਲੀ ਕਾਂਗਰਸ ਪਾਰਟੀ ਆਪਣੇ ਹੰਕਾਰ ਵਿੱਚ ਅੱਜ ਵੀ ਓਨੀ ਹੀ ਮਸਤ ਹੈ, ਕਿ ਉਹ ਮਾਫ਼ੀ ਮੰਗਣ ਲਈ ਤਿਆਰ ਨਹੀਂ ਹੈ।"

**ਕੀ ਸੋਨੀਆ ਨੇ ਕਦੇ ਮਾਫ਼ੀ ਮੰਗੀ**

ਸੋਨੀਆ ਗਾਂਧੀ ਨੇ 27 ਜਨਵਰੀ 1998 ਨੂੰ ਚੰਡੀਗੜ੍ਹ ਵਿੱਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਆਪਰੇਸ਼ਨ ਬਲੂ ਸਟਾਰ ਅਤੇ ਸਿੱਖ ਵਿਰੋਧੀ ਕਤਲੇਆਮ ਉੱਤੇ ਅਫਸੋਸ ਜ਼ਾਹਰ ਕੀਤਾ ਸੀ। ਉਨ੍ਹਾਂ ਆਪਰੇਸ਼ਨ ਬਲੂ ਸਟਾਰ ਦੀ ਗੱਲ ਕਰਦਿਆਂ ਕਿਹਾ ਸੀ, "ਜੋ ਹੋਇਆ ਉਸ ਦਾ ਮੈਨੂੰ ਦੁੱਖ ਹੈ।" ਸੋਨੀਆ ਗਾਂਧੀ ਨੇ ਸਿੱਖ ਕਤਲੇਆਮ ਬਾਰੇ ਕਿਹਾ ਸੀ, "ਮੈਂ ਸਿੱਖਾਂ ਦੇ ਦਰਦ ਨੂੰ ਸਮਝ ਸਕਦੀ ਹਾਂ, ਕਿਉਂਕਿ ਮੈਂ ਵੀ ਇਹ ਝੱਲ ਚੁੱਕੀ ਹਾਂ। ਮੈਂ ਵੀ ਆਪਣੇ ਪਤੀ ਰਾਜੀਵ ਅਤੇ ਸੱਸ ਇੰਦਰਾ ਗਾਂਧੀ ਨੂੰ ਗੁਆਇਆ ਹੈ।" "ਇਸ ਸਾਂਝੇ ਨੁਕਸਾਨ ਨੂੰ ਵਾਰ-ਵਾਰ ਯਾਦ ਕਰਨ ਨਾਲ ਕੁਝ ਨਹੀਂ ਹੋਣਾ, ਨਾ ਹੀ ਕੋਈ ਸ਼ਬਦ ਇਸ ਦੇ ਦਰਦ ਨੂੰ ਘੱਟ ਕਰ ਸਕਦੇ ਹਨ। ਦੂਜਿਆਂ ਵਲੋਂ ਦਿੱਤਾ ਗਿਆ ਦਿਲਾਸਾ ਕਈ ਵਾਰ ਖੋਖਲਾ ਹੀ ਲੱਗਦਾ ਹੈ।" ਇਸੇ ਤਰ੍ਹਾਂ ਸੋਨੀਆ ਗਾਂਧੀ ਨੇ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਦੌਰਾਨ ਮੀਡੀਆ ਦੇ ਸਵਾਲਾਂ ਦੇ ਜਵਾਬ ਦਿੰਦਿਆ ਆਪਰੇਸ਼ਨ ਬਲੂ ਸਟਾਰ ਦੀ ਘਟਨਾ ਉੱਤੇ ਦੁੱਖ ਪ੍ਰਗਟਾਇਆ ਸੀ।

**ਪ੍ਰਧਾਨ ਮੰਤਰੀ ਨੇ ਮੰਗੀ ਸੀ ਮਾਫ਼ੀ**

2005 ਵਿੱਚ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਸੰਸਦ ਵਿੱਚ ਬਤੌਰ ਪ੍ਰਧਾਨ ਮੰਤਰੀ ਸਿੱਖ ਵਿਰੋਧੀ ਕਤਲੇਆਮ ਦੀ ਮਾਫ਼ੀ ਮੰਗੀ ਸੀ। ਸੰਸਦ ਵਿੱਚ ਬੋਲਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਸੀ, "ਮੈਂ ਸਿੱਖ ਭਾਈਚਾਰੇ ਦੇ ਨਾਲ-ਨਾਲ ਪੂਰੇ ਦੇਸ਼ ਤੋਂ ਮਾਫੀ ਮੰਗਣ ਤੋਂ ਝਿਜਕ ਮਹਿਸੂਸ ਨਹੀਂ ਕਰਦਾ। ਜੋ ਕੁਝ ਵਾਪਰਿਆ ਉਸ ਨਾਲ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।" ਇਸੇ ਤਰ੍ਹਾਂ 2019 ਵਿੱਚ ਸਾਬਕਾ ਪ੍ਰਧਾਨ ਮੰਤਰੀ ਆਈ ਕੇ ਗੁਜਰਾਲ ਦੇ 100ਵੇਂ ਜਨਮ ਦਿਨ ਸਮਾਗਮ ਦੌਰਾਨ ਬੋਲਦਿਆਂ ਮਨਮੋਹਨ ਸਿੰਘ ਨੇ ਕਿਹਾ ਸੀ ਕਿ 1984 ਦੇ ਸਿੱਖ ਕਤਲੇਆਮ ਤੋਂ ਬਚਿਆ ਜਾ ਸਕਦਾ ਸੀ। ਉਹਨਾਂ ਕਿਹਾ ਸੀ, "ਜਦੋਂ ਕਤਲੇਆਮ ਸ਼ੁਰੂ ਹੋਇਆ ਸੀ ਤਾਂ ਆਈ ਕੇ ਗੁਜਰਾਲ ਤਤਕਾਲੀ ਗ੍ਰਹਿ ਮੰਤਰੀ ਪੀਵੀ ਨਰਸ ?ਹਿਮਾ ਰਾਓ ਕੋਲ ਗਏ ਸਨ, ਉਨ੍ਹਾਂ ਹਾਲਾਤ ਨੂੰ ਨਾਜ਼ੁਕ ਦੱਸਦਿਆਂ ਤੁਰੰਤ ਫੌਜ ਬੁਲਾਉਣ ਦੀ ਮੰਗ ਕੀਤੀ ਸੀ। ਜੇਕਰ ਉਹ ਸਲਾਹ ਮੰਨ ਲਈ ਜਾਂਦੀ ਤਾਂ 1984 ਤੋਂ ਬਚਿਆ ਜਾ ਸਕਦਾ ਸੀ। ਕਾਂਗਰਸ ਦੇ ਬੁਲਾਰੇ ਚਰਨ ਸਿੰਘ ਸਪਰਾ ਨੇ ਦਿੱਲੀ ਵਿੱਚ ਨਿਊਜ਼ 18 ਦੇ ਸਮਾਗਮ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਲੀਡਰਸ਼ਿਪ ਨੂੰ ਇਸ ਮਾਮਲੇ ਉੱਤੇ ਚੁਣੌਤੀ ਦਿੱਤੀ ਸੀ।'ਨਾ ਮੇਰੀ ਪਾਰਟੀ ਅਤੇ ਨਾ ਮੈਂ 1984 ਦੇ ਸਿੱਖ ਵਿਰੋਧੀ ਕਤਲੇਆਮ ਦਾ ਸਮਰਥਕ ਹਾਂ, ਸੋਨੀਆ ਗਾਂਧੀ ਨੇ ਆਪਣੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਦੌਰੇ ਦੌਰਾਨ ਮੀਡੀਆ ਸਾਹਮਣੇ ਮਾਫ਼ੀ ਮੰਗੀ ਸੀ।"ਕਾਂਗਰਸ ਸਰਕਾਰ ਦੇ ਪ੍ਰਧਾਨ ਮੰਤਰੀ ਵਜੋਂ ਮਨਮੋਹਨ ਸਿੰਘ ਨੇ ਸੰਸਦ ਵਿੱਚ ਮਾਫ਼ੀ ਮੰਗੀ ਸੀ। ਭਾਜਪਾ ਸਾਡੇ ਜ਼ਖ਼ਮਾਂ ਨੂੰ ਕੁਰੇਦਦੀ ਰਹੀ ਹੈ, ਕੀ ਮੋਦੀ ਜਾਮਾ ਮਸਜਿਦ ਜਾਕੇ 1992 ਲਈ ਮਾਫ਼ੀ ਮੰਗਣਗੇ।"

# ਸੰਤੋਖ ਸਿੰਘ ਚੌਧਰੀ ਦੀ ਸਿਹਤ ਵਿਗੜਨ ਤੋਂ ਐਨ ਪਹਿਲਾਂ ਕੀ ਹੋਇਆ ਸੀ ?

ਉਨ੍ਹਾਂ ਦੀ ਸਿਹਤ ਅਚਾਨਕ ਵਿਗੜਨ ਮਗਰੋਂ ਫਗਵਾੜਾ ਦੇ ਇੱਕ ਨਿੱਜੀ ਹਸਪਤਾਲ ਵਿੱਚ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤ ਐਲਾਨ ਦਿੱਤਾ ਗਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦੀ ਮੌਤ ਉੱਤੇ ਦੁਖ ਜ਼ਾਹਿਰ ਕਰਦਿਆਂ ਟਵੀਟ ਕੀਤਾ। ਉਨ੍ਹਾਂ ਲਿਖਿਆ, "ਕਾਂਗਰਸ ਦੇ ਜਲੰਧਰ ਤੋਂ ਮੈਂਬਰ ਪਾਰਲੀਮੈਂਟ ਸੰਤੋਖ ਸਿੰਘ ਚੌਧਰੀ ਜੀ ਦੀ ਬੇਵਕਤੀ ਮੌਤ ਦਾ ਬੇਹੱਦ ਦੁੱਖ ਹੋਇਆ। ਪਰਮਾਤਮਾ ਵਿੱਛੜੀ ਰੂਹ ਨੂੰ ਸਕੂਨ ਬਖ਼ਸ਼ੇ...ਵਾਹਿਗੁਰੂ।"

**ਸਿਹਤ ਵਿਗੜਨ ਤੋਂ ਪਹਿਲਾਂ ਕੀ ਹੋਇਆ ਸੀ**

ਸੰਤੋਖ ਸਿੰਘ ਚੌਧਰੀ ਦੇ ਇੱਕ ਪਰਿਵਾਰਕ ਮੈਂਬਰ ਸੁਨੀਲ ਕਟਿਆਲ ਨੇ ਬੀਬੀਸੀ ਸਹਿਯੋਗੀ ਪ੍ਰਦੀਪ ਪੰਡਿਤ ਨੂੰ ਦੱਸਿਆ, "ਫਿਲੌਰ ਵਿੱਚ ਪੁਲ ਨੇੜੇ ਇਕੱਠ ਨੂੰ ਸੰਬੋਧਿਤ ਕਰਦੇ ਸੰਤੋਖ ਸਿੰਘ ਚੌਧਰੀ ਤਬੀਅਤ ਪੱਖੋਂ ਅਸਹਿਜ ਮਹਿਸੂਸ ਕਰ ਰਹੇ ਸਨ। ਉਸਤੋਂ ਬਾਅਦ ਉਹ ਰਾਹੁਲ ਗਾਂਧੀ ਦੀ ਯਾਤਰਾ ਵਿੱਚ ਸ਼ਾਮਲ ਹੋ ਗਏ, ਕੁਝ ਦੂਰ ਚਲਦਿਆਂ ਹੀ ਉਹ ਡਿੱਗ ਕੇ ਬੇਹੋਸ਼ ਹੋ ਗਏ, ਉਨ੍ਹਾਂ ਨੂੰ ਫਗਵਾੜਾ ਦੇ ਵਿਰਕ ਹਸਪਤਾਲ ਲੈ ਕੇ ਗਏ ਪਰ ਡਾਕਟਰਾਂ ਨੇ ਮ੍ਰਿਤ ਐਲਾਨ ਦਿੱਤਾ।"

**ਸੰਤੋਖ ਸਿੰਘ ਚੌਧਰੀ ਦਾ ਬਾਰੇ ਕੁਝ ਗੱਲਾਂ**

ਸੰਤੋਖ ਸਿੰਘ ਚੌਧਰੀ ਦਾ ਜਨਮ ਜਲੰਧਰ ਦੇ ਪਿੰਡ ਧਾਲੀਵਾਲ ਵਿਖੇ ਹੋਇਆ ਸੀ। ਉਨ੍ਹਾਂ ਨੇ ਬੀਏ ਅਤੇ ਐੱਲਐੱਲਬੀ ਦੀ ਡਿਗਰੀ ਹਾਸਲ ਕੀਤੀ ਸੀ ਅਤੇ ਪੇਸ਼ੇ ਵਜੋਂ ਵੀ ਉਹ ਵਕੀਲ ਅਤੇ ਕਾਰੋਬਾਰੀ ਸਨ।

ਲੋਕਸਭਾ ਦੀ ਵੈੱਬਸਾਈਟ 'ਤੇ ਦਿੱਤੀ ਜਾਣਕਾਰੀ ਮੁਤਾਬਕ, ਉਹ 1978 ਤੋਂ 1982 ਤੱਕ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਹੇ।

1992 ਤੋਂ 1997 ਅਤੇ 2002 ਤੋਂ 2007 ਤੱਕ ਉਹ ਦੋ ਵਾਰ ਵਿਧਾਇਕ ਚੁਣੇ ਗਏ।

1992 ਤੋਂ 1995 ਦਰਮਿਆਨ ਸੰਤੋਖ ਸਿੰਘ ਪੰਜਾਬ ਸਰਕਾਰ ਵਿੱਚ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਅਤੇ ਖੁਰਾਕ ਮੰਤਰੀ ਵੀ ਰਹੇ।

1997-98 ਵਿੱਚ ਉਹ ਪੰਜਾਬ ਪ੍ਰਦੇਸ਼ ਕਾਂਗਰਸ ਦੇ ਜਨਰਲ ਸਕੱਤਰ ਰਹੇ।

ਇਸ ਤੋਂ ਬਾਅਦ ਸਾਲ 2002 ਵਿੱਚ ਇੱਕ ਵਾਰ ਫਿਰ ਉਨ੍ਹਾਂ ਨੂੰ ਪੰਜਾਬ ਸਰਕਾਰ 'ਚ ਕੈਬਨਿਟ ਮੰਤਰੀ ਦਾ ਅਹੁਦਾ ਦਿੱਤਾ ਗਿਆ। ਉਸ ਸਮੇਂ ਉਨ੍ਹਾਂ ਕੋਲ ਸਮਾਜਿਕ ਸੁਰੱਖਿਆ, ਮਹਿਲਾਵਾਂ ਅਤੇ ਬੱਚਿਆਂ ਸਬੰਧੀ ਮੰਤਰਾਲੇ ਦੀ ਜ਼ਿੰਮੇਵਾਰੀ ਸੀ। ਮਈ 2014 ਅਤੇ ਮਈ 2019 ਵਿੱਚ ਜਲੰਧਰ ਲੋਕ ਸਭਾ ਮੈਂਬਰ ਚੁਣੇ ਗਏ।

# ਬਿਨਾਂ ਭਾਰਤੀ ਮੋਬਾਇਲ ਨੰਬਰ ਦੇ ਵੀ ਐਨਆਰਆਈ ਹੁਣ ਯੂਪੀਆਈ ਰਾਹੀਂ ਇੰਝ ਕਰ ਸਕਣਗੇ ਲੈਣ-ਦੇਣ

ਹੁਣ ਐਨਆਰਆਈ ਵੀ ਯੂਪੀਆਈ ਰਾਹੀਂ ਲੈਣ-ਦੇਣ ਕਰ ਸਕਦੇ ਹਨ। ਹੁਣ ਅਮਰੀਕਾ ਜਾਂ ਕੈਨੇਡਾ ਵਿੱਚ ਬੈਠੇ ਤੁਹਾਡੇ ਰਿਸ਼ਤੇਦਾਰ ਜਾਂ ਦੋਸਤ ਯੂਪੀਆਈ ਯਾਨੀ ਪੇਟੀਐਮ, ਗੂਗਲ ਪੇਅ, ਫੋਨ ਪੇ ਰਾਹੀਂ ਤੁਹਾਡੇ ਖਾਣ ਪੀਣ ਜਾਂ ਜ਼ਰੂਰਤ ਲਈ ਪੈਸੇ ਦੇ ਸਕਦੇ ਹਨ।

ਹੋਰ ਅਸਾਨ ਤਰੀਕੇ ਨਾਲ ਸਮਝੀਏ ਤਾਂ ਗੱਲ ਇਹ ਹੈ ਕਿ ਹੁਣ ਵਿਦੇਸ਼ ਗਏ ਲੋਕ ਵੀ ਚਾਹੇ ਜਿਸ ਦੇਸ਼ ਵਿੱਚ ਵੀ ਰਹਿ ਰਹੇ ਹਨ, ਉਸੇ ਮੁਲਕ ਦੇ ਮੋਬਾਇਲ ਨੰਬਰ ਉੱਤੇ ਯੂਪੀਆਈ ਐਕਟੀਵੇਟ ਕਰਵਾ ਸਕਦੇ ਹਨ।

ਯੂਪੀਆਈ ਯਾਨੀ ਯੂਨਾਫਾਇਡ ਪੇਮੇਂਟ ਇੰਟਰਫੇਸ ਉਹ ਸਹੂਲਤ ਹੈ ਜਿਸਦੇ ਤਹਿਤ ਤੁਸੀਂ ਇੱਕ ਬੈਂਕ ਅਕਾਊਂਟ ਤੋਂ ਦੂਜੇ ਬੈਂਕ ਅਕਾਊਂਟ ਵਿੱਚ ਪੈਸੇ ਟਰਾਂਸਫਰ ਕਰ ਸਕਦੇ ਹੋ ਉਹ ਵੀ ਮੁਫ਼ਤ ਅਤੇ ਸਕਿੰਟਾਂ ਵਿੱਚ।

**10 ਮੁਲਕਾਂ ਦੇ ਐੱਨਆਰਆਈ ਲੋਕਾਂ ਲਈ ਸੁਵਿਧਾ**

ਪਹਿਲਾਂ ਸਿਰਫ਼ ਭਾਰਤ ਦੇ ਮੋਬਾਈਲ ਨੰਬਰਾਂ ਉੱਤੇ ਹੀ ਇਹ ਸੇਵਾ ਉਪਲਬਧ ਸੀ। ਨੈਸ਼ਨਲ ਪੇਮੇਂਟ ਕਾਰਪੋਰੇਸ਼ਨ ਆਫ਼ ਇੰਡੀਆ ਯਾਨੀ ਐਨਪੀਸੀਆਈ ਨੇ ਕੈਨੇਡਾ, ਅਮਰੀਕਾ, ਯੂਕੇ ਤੇ ਆਸਟਰੇਲੀਆ ਸਣੇ 10 ਮੁਲਕਾਂ ਵਿੱਚ ਰਹਿੰਦੇ ਐੱਨਆਰਆਈਜ਼ ਲ਼ਈ ਇਹ ਸੁਵਿਧਾ ਸ਼ੁਰੂ ਕਰਨ ਲਈ ਗਾਈਡਲਾਈਨ ਜਾਰੀ ਕੀਤੀ ਹੈ।

ਇਹ ਸਹੂਲਤ ਉਹੀ ਐਨਆਰਆਈ ਵਰਤ ਸਕਣਗੇ ਜਿਨ੍ਹਾਂ ਦੇ ਭਾਰਤ ਵਿੱਚ ਐਨਆਰਈ (NRE) ਜਾਂ ਐਨਆਰਓ (NRO) ਬੈਂਕ ਅਕਾਊਂਟ ਹੋਣਗੇ।

ਜਿਹੜੇ ਮੁਲਕ ਵਿੱਚ ਰਹਿੰਦੇ ਐਨਆਰਆਈਜ਼ ਨੂੰ ਇਹ ਸੁਵਿਧਾ ਅਗਲੇ ਕੁਝ ਮਹੀਨਿਆਂ ਵਿੱਚ ਮਿਲਣ ਵਾਲੀ ਹੈ ਉਹ ਹਨ ਸਿੰਗਾਪੁਰ, ਆਸਟਰੇਲੀਆਂ, ਕੈਨੇਡਾ, ਹਾਂਗਕਾਂਗ, ਓਮਾਨ, ਕਤਰ, ਅਮਰੀਕਾ, ਯੂਕੇ, ਸਾਊਦੀ ਅਰਬ ਅਤੇ ਯੂਏਈ।

ਇਸ ਤੋਂ ਬਾਅਦ ਹੋਰ ਵੀ ਮੁਲਕ ਇਸ ਲਿਸਟ ਵਿੱਚ ਜੋੜੇ ਜਾਣਗੇ।

**ਭਾਰਤੀ ਮੋਬਾਇਲ ਨੰਬਰ ਦੀ ਲੋੜ ਨਹੀਂ**

ਭਾਰਤ ਵਿੱਚ ਜਦੋਂ ਤੁਸੀਂ ਫੋਨ ਉੱਤੇ ਯੂਪੀਆਈ ਐਕਟੀਵੇਟ ਕਰਦੇ ਹੋ ਜਾਂ ਇੰਝ ਕਹੀਏ ਕਿ ਜਦੋਂ ਗੂਗਲ ਪੇ, ਫੋਨ ਪੇ ਜਾਂ ਪੇਟੀਐਮ ਚਲਾਉਣਾ ਚਾਹੁੰਦੇ ਹੋ ਤਾਂ ਤੁਹਾਡੇ ਬੈਂਕ ਖਾਤੇ ਨਾਲ ਜੁੜੇ ਮੋਬਾਈਲ ਨੰਬਰ ਉੱਤੇ ਕਰਫਰਮੇਸ਼ਨ ਲਈ ਮੈਸੇਜ ਜਾਂਦਾ ਹੈ।

ਪਰ ਮੰਨ ਲਵੋ ਅੱਜ ਤੁਸੀਂ ਜਿਸ ਨੰਬਰ ਤੋਂ ਇਹ ਐਪਸ ਚਲਾਉਂਦੇ ਹੋ ਅਤੇ ਕੱਲ੍ਹ ਨੂੰ ਤੁਸੀਂ ਵਿਦੇਸ਼ ਚਲੇ ਗਏ ਤਾਂ ਪੇਮੇਂਟ ਕਰਨ ਲਈ ਉਸੇ ਨੰਬਰ ਨੂੰ ਐਕਟੀਵੇਟ ਰੱਖਣ ਲਈ ਤੁਹਾਨੂੰ ਮਹਿੰਗੇ ਇੰਟਰਨੈਸ਼ਨਲ ਰੋਮਿੰਗ ਚਾਰਜ ਦੇਣੇ ਪੈ ਸਕਦੇ ਹਨ।

ਹੁਣ ਅਜਿਹੇ ਯੂਜ਼ਰ ਜੋ ਵਿਦੇਸ਼ ਚਲੇ ਗਏ ਅਤੇ ਉੱਥੇ ਦਾ ਮੋਬਾਇਲ ਨੰਬਰ ਲੈ ਲਿਆ, ਉਹ ਵੀ ਯੂਪੀਆਈ ਦੀ ਵਰਤੋਂ ਕਰ ਸਕਦੇ ਹਨ।

ਯਾਨੀ ਭਾਰਤੀ ਮੋਬਾਇਲ ਨੰਬਰ ਦੀ ਲੋੜ ਨਹੀਂ ਹੈ।

**ਨੈਸ਼ਨਲ ਪੇਮੇਂਟ ਕਾਰਪੋਰੇਸ਼ਨ ਦੇ ਹੁਕਮ**

ਨੈਸ਼ਨਲ ਪੇਮੇਂਟ ਕਾਰਪੋਰੇਸ਼ਨ ਆਫ਼ ਇੰਡੀਆ ਨੇ ਬੈਂਕਾ ਨੂੰ ਹੁਕਮ ਦਿੱਤੇ ਹਨ ਕਿ ਐਨਆਰਆਈਜ਼ ਨੂੰ ਇਹ ਸਹੂਲਤ ਦਿੱਤੀ ਜਾਵੇ।

ਪਰ ਇਹ ਵੀ ਕਿਹਾ ਗਿਆ ਹੈ ਕਿ ਫੌਰਨ ਐਕਸਚੇਂਜ ਮੈਨੇਜਮੈਂਟ ਐਕਟ, ਐਂਟੀ ਮਨੀ ਲੌਂਡਰਿੰਗ ਅਤੇ ਅੱਤਵਾਦ ਨੂੰ ਵਧਾਵਾ ਦੇਣ ਲਈ ਦਿੱਤੇ ਜਾਂਦੇ ਪੈਸਿਆਂ ਵਰਗੀਆਂ ਗਤੀਵਿਧੀਆਂ ਉੱਤੇ ਜ਼ਰੂਰ ਨਜ਼ਰ ਰੱਖੀ ਜਾਵੇ।

ਇਸ ਨਾਲ ਇੱਕ ਹੋਰ ਫਾਇਦਾ ਹੋਵੇਗਾ ਕਿ ਵਿਦੇਸ਼ ਤੋਂ ਆਏ ਐਨਆਰਆਈ ਭਾਰਤ ਵਿੱਚ ਬੜੀ ਹੀ ਅਸਾਨੀ ਨਾਲ ਯੂਪੀਆਈ ਪੇਮੇਂਟ ਕਰ ਸਕਣਗੇ।

ਉਹਨਾਂ ਨੂੰ ਬਗੈਰ ਕੈਸ਼ ਅਤੇ ਕਾਰਡ ਦੇ ਚਿੰਤਾ ਕਰਮ ਦੀ ਲੋੜ ਨਹੀਂ।

ਭਾਰਤ ਦੇ ਬੈਂਕਾਂ ਵਿੱਚ NRE ਜਾਂ ਨੌਨ ਰੈਜ਼ੀਡੈਂਟ ਬੈਂਕ ਅਕਾਊਂਟ ਉਹ ਹੁੰਦੇ ਹਨ ਜਿੰਨਾ ਵਿੱਚ ਵਿਦੇਸ਼ ਤੋਂ ਲੋਕ ਪੈਸੇ ਕਮਾ ਕੇ ਭੇਜਦੇ ਹਨ। ਇੱਥੇ ਉਹ ਰਕਮ ਭਾਰਤੀ ਰੁਪਏ ਵਿੱਚ ਬਦਲ ਜਾਂਦੀ ਹੈ। ਇਹ ਰਕਮ ਅਤੇ ਉਸ ਤੋਂ ਮਿਲਿਆ ਵਿਆਜ ਟੈਕਸ ਫਰੀ ਹੁੰਦਾ ਹੈ। ਭਾਰਤ ਵਿੱਚ NRO ਯਾਨੀ ਨੌਨ ਰੈਜ਼ੀਡੈਂਟ ਓਰਡੀਨਰੀ ਬੈਂਕ ਅਕਾਊਂਟ ਉਹ ਹੁੰਦੇ ਹਨ ਜਿਨ੍ਹਾਂ ਵਿੱਚ ਵਿਦੇਸ਼ ਰਹਿੰਦੇ ਲੋਕ ਭਾਰਤ ਤੋਂ ਹੀ ਕਮਾਈ ਗਈ ਰਕਮ ਜਮ ?ਹਾ ਕਰਵਾਉਂਦੇ ਹਨ। ਮਿਸਾਲ ਲਈ ਉਹ ਕਮਾਈ ਜੋ ਭਾਰਤ ਤੋਂ ਹੀ ਕਿਰਾਏ ਦੇ ਰੂਪ ਵਿੱਚ ਮਿਲੀ ਹੋਵੇ ਜਾਂ ਕੋਈ ਪ੍ਰਾਪਰਟੀ ਵੇਚ ਕੇ ਮਿਲਿਆ ਪੈਸਾ ਹੋਵੇ। ਪਰ ਇਸ ਅਕਾਊਂਟ ਵਿੱਚ ਜਾਣ ਵਾਲੀ ਰਕਮ ਉੱਤੇ ਟੀਡੀਐੱਸ ਜ਼ਰੂਰ ਕੱਟਦਾ ਹੈ।

# ਸਿੱਖ ਫੌਜੀਆਂ ਲਈ ਬਣਾਏ ਜਾ ਰਹੇ ਹੈਲਮੈਟ ’ਤੇ ਹੰਗਾਮਾ ਕਿਉਂ, ਇਤਿਹਾਸ ਤੋਂ ਕੀ ਹਵਾਲੇ ਮਿਲਦੇ ਹਨ



- ਭਾਰਤ ਸਰਕਾਰ ਦੁਆਰਾ ਸਿੱਖ ਫੌਜੀਆਂ ਲਈ ਖ਼ਾਸ ਜੰਗਜੂ ਹੈਲਮੇਟ ਬਣਵਾਏ ਜਾ ਰਹੇ ਹਨ।
- ਹੈਲਮੇਟ ਬਣਾਉਣ ਵਾਲੀ ਕੰਪਨੀ ਮੁਤਾਬਕ, ਇਨ੍ਹਾਂ ਨੂੰ ਹਰ ਮੌਸਮ ’ਚ ਪਹਿਨਣਾ ਸੌਖਾ ਹੈ।
- ਕੰਪਨੀ ਅਨੁਸਾਰ, ਇਹ ਹੈਲਮੇਟ ਸਿਰ ਨੂੰ ਲੱਗਣ ਵਾਲੀ ਸੱਟ ਦਾ ਅਸਰ 40 ਫੀਸਦੀ ਤੱਕ ਘੱਟ ਕਰ ਸਕਦੇ ਹਨ।
- ਇਨ੍ਹਾਂ ਹੈਲਮੇਟਾਂ ਨੂੰ ਲੈ ਕੇ ਅਕਾਲ ਤਖ਼ਤ ਨੇ ਆਪਣਾ ਸਖ਼ਤ ਵਿਰੋਧ ਜ਼ਾਹਿਰ ਕੀਤਾ ਹੈ।
- ਗਿਆਨੀ ਹਰਪ੍ਰੀਤ ਸਿੰਘ ਮੁਤਾਬਕ, ਇਸ ਨੂੰ ਸਿੱਖ ਪਹਿਚਾਣ ਖ਼ਤਮ ਕਰਨ ਦੀ ਕੋਸ਼ਿਸ਼ ਵਜੋਂ ਦੇਖਿਆ ਜਾਵੇਗਾ।
- ਇੱਕ ਸੈਨਿਕ ਇਤਿਹਾਸਕਾਰ ਮੁਤਾਬਕ ਮੱਧਕਾਲੀ ਇਤਿਹਾਸ ਵਿੱਚ ਸਿੱਖ ਮਿਸਲਾਂ ਵੇਲੇ ਜਾਂ ਬੰਦਾ ਸਿੰਘ ਬਹਾਦਰ ਦੇ ਸਮੇਂ ਵੀ ਸਿੱਖ ਹੈਲਮੈਟ ਪਾਉਂਦੇ ਸਨ।

ਭਾਰਤ ਸਰਕਾਰ ਵੱਲੋਂ ਸਿੱਖ ਫੌਜੀਆਂ ਲਈ ਬਣਵਾਏ ਜਾ ਰਹੇ ਖ਼ਾਸ ਹੈਲਮੇਟਾਂ ਨੂੰ ਲੈ ਕੇ ਅਕਾਲ ਤਖ਼ਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਇਤਰਾਜ਼ ਪ੍ਰਗਟਾਇਆ ਹੈ।

ਇਸ ਸਬੰਧੀ ਇੱਕ ਵੀਡੀਓ ਸੰਦੇਸ਼ ਜਾਰੀ ਕਰਦਿਆਂ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਕਦਮ ਨੂੰ ਸਿੱਖਾਂ ਦੀ ਪਹਿਚਾਣ ਖ਼ਤਮ ਕਰਨ ਦੇ ਯਤਨ ਵਜੋਂ ਦੇਖਿਆ ਜਾਵੇਗਾ।

ਸਿੱਖ ਇਤਿਹਾਸਕਾਰ ਅਤੇ ਸੈਨਿਕ ਇਤਿਹਾਸਕਾਰ ਸਮੇਂ ਦੇ ਨਾਲ ਚੀਜ਼ਾਂ ਅਤੇ ਸੁਰੱਖਿਆ ਦੇ ਮਸਲੇ ਨੂੰ ਮਿਲ ਕੇ ਸੋਚਣ ਦੀ ਗੱਲ ਆਖ ਰਹੇ ਹਨ।

ਦੱਸ ਦੇਈਏ ਕਿ ਭਾਰਤ ਵਿੱਚ ਇੱਕ ਕੰਪਨੀ ਵੱਲੋਂ ਵਿਸ਼ੇਸ਼ ਤੌਰ ਉੱਤੇ ਸਿੱਖ ਫੌਜੀਆਂ ਲਈ ਜੰਗਜੂ ਹੈਲਮੇਟ ਡਿਜ਼ਾਈਨ ਕੀਤੇ ਗਏ ਹਨ, ਜਿਸ ਦੇ ਲਈ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਨੇ ਕੰਪਨੀ ਨੂੰ ਕਰੀਬ 12 ਹਜ਼ਾਰ ਅਜਿਹੇ ਹੈਲਮੇਟਾਂ ਲਈ ਆਰਡਰ ਵੀ ਦੇ ਦਿੱਤਾ ਹੈ।

ਸਿੱਖ ਫੌਜੀਆਂ ਲਈ ਤਿਆਰ ਕੀਤੇ ਜਾ ਰਹੇ ਇਨ੍ਹਾਂ ਹੈਲਮੇਟਾਂ ਬਾਰੇ ਕੀ ਵਿਸ਼ੇਸ਼ ਦੱਸਿਆ ਜਾ ਰਿਹਾ ਹੈ, ਇਹ ਜਾਣਨ ਤੋਂ ਪਹਿਲਾਂ ਜਾਣ ਲੈਂਦੇ ਹਾਂ ਕਿ ਪੰਥਕ ਜਥੇਬੰਦੀਆਂ ਨੂੰ ਇਸ ਉੱਤੇ ਕੀ ਇਤਰਾਜ਼ ਹੈ...

**‘ਇਹ ਸਾਡੀ ਪਹਿਚਾਣ ਨੂੰ ਖ਼ਤਮ ਕਰਨ ਦੇ ਯਤਨ ਮੰਨੇ ਜਾਣਗੇ’ - ਜਥੇਦਾਰ**

ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਇਨ੍ਹਾਂ ਹੈਲਮੈਟਾਂ ਦਾ ਵਿਰੋਧ ਕਰਦਿਆਂ ਕਿਹਾ ਕਿ ਮੀਡੀਆ ਰਾਹੀਂ ਪਤਾ ਲੱਗਿਆ ਹੈ ਕਿ ਭਾਰਤ ਸਰਕਾਰ ਵੱਲੋਂ ਸਿੱਖ ਫੌਜੀਆਂ ਨੂੰ ਆਉਣ ਵਾਲੇ ਸਮੇਂ ’ਚ ਹੈਲਮੈਟ ਪਹਿਨਾਉਣ ਲਈ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ “ਦੂਜੇ ਵਿਸ਼ਵ ਯੁੱਧ ਦੌਰਾਨ ਅਜਿਹੇ ਯਤਨ ਅੰਗਰੇਜ਼ ਸਰਕਾਰ ਨੇ ਵੀ ਸਿੱਖ ਫੌਜੀਆਂ ਲਈ ਕੀਤੇ ਸਨ। ਉਸ ਸਮੇਂ ਸਿੱਖ ਫੌਜੀਆਂ ਨੇ ਅੰਗਰੇਜ਼ ਹਕੂਮਤ ਦੇ ਇਸ ਫੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ”ਸਿੱਖ ਦੇ ਸਿਰ ’ਤੇ ਬੰਨ੍ਹੀ ਦਸਤਾਰ ਕੋਈ 5-7 ਮੀਟਰ ਦਾ ਕੱਪੜਾ ਨਹੀਂ ਹੈ, ਇਹ ਗੁਰੂ ਸਾਹਿਬ ਵੱਲੋਂ ਸਾਨੂੰ ਬਖ਼ਸ਼ਿਆ ਗਿਆ ਤਾਜ ਹੈ ਤੇ ਸਾਡੀ ਪਹਿਚਾਣ ਦਾ ਪ੍ਰਤੀਕ ਹੈ। ਸਾਡੀ ਪਹਿਚਾਣ ਦੀ ਪ੍ਰਤੀਕ ਦਸਤਾਰ ਉੱਤੇ ਕਿਸੇ ਕਿਸਮ ਦਾ ਟੋਪ ਪਾਉਣਾ, ਇਹ ਸਾਡੀ ਪਹਿਚਾਣ ਨੂੰ ਖ਼ਤਮ ਕਰਨ ਦੇ ਯਤਨ ਵਜੋਂ ਦੇਖਿਆ ਜਾਵੇਗਾ ਤੇ ਨਾ ਹੀ ਪੰਥ ਇਸ ਨੂੰ ਕਿਸੇ ਵੀ ਕੀਮਤ ’ਤੇ ਬਰਦਾਸ਼ਤ ਕਰੇਗਾ।”

**ਪੰਥ ’ਚ ਟੋਪੀ ਪਹਿਨਣਾ ਵਰਜਿਤ**

ਜਥੇਦਾਰ ਨੇ ਕਿਹਾ, “ਸਾਡੇ ਪੰਥ ’ਚ, ਸਾਡੀ ਮਰਿਆਦਾ ’ਚ ਸਿੱਖ ਲਈ ਟੋਪੀ ਪਹਿਨਣਾ ਵਰਜਿਤ ਕਰਾਰ ਦਿੱਤਾ ਗਿਆ ਹੈ, ਚਾਹੇ ਉਹ ਕੱਪੜੇ ਦੀ ਹੋਵੇ, ਚਾਹੇ ਲੋਹੇ ਦੀ ਹੋਵੇ। ਸਾਡਾ ਰੱਖਿਅਕ ਅਕਾਲ ਪੁਰਖ ਹੈ।”

ਉਨ੍ਹਾਂ ਕਿਹਾ, “ਸਾਡੇ ਸਰੋਤਾਂ ਵਿੱਚੋਂ ਵੀ ਇਸ ਸਬੰਧੀ ਉਦਾਹਰਣਾਂ ਮਿਲਦੀਆਂ ਹਨ। ਹੋਏ ਸਿੱਖ ਸਿਰ ਟੋਪੀ ਧਰੈ ਸਾਤ ਜਨਮ ਕੁਸ਼ਟੀ ਹੋਏ ਮਰੈ। ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਕਿਹਾ, ”ਦੂਜੇ ਵਿਸ਼ਵ ਯੁੱਧ ਦੌਰਾਨ ਸਿੱਖਾਂ ਨੇ ਦਸਤਾਰਾਂ ਸਜਾ ਕੇ ਆਪਣੀ ਬਹਾਦੁਰੀ ਦਿਖਾਈ। 1965, 1962 ਤੇ 71 ਦੀਆਂ ਜੰਗਾਂ ’ਚ ਵੀ ਸਿੱਖ ਸਿਪਾਹੀਆਂ ਨੇ ਦਸਤਾਰਾਂ ਸਜਾ ਕੇ ਵੈਰੀਆਂ ਨੂੰ ਜਵਾਬ ਦਿੱਤਾ, ਪਰ ਲੋਹ ਟੋਪ ਜਾਂ ਹੈਲਮੇਟ ਬਿਲਕੁਲ ਨਹੀਂ ਪਹਿਨਿਆ।”ਉਨ੍ਹਾਂ ਕਿਹਾ ਕਿ ਇਹ ਵੀ ਬਹੁਤ ਮੰਦਭਾਗੀ ਗੱਲ ਹੈ ਕਿ ਕੁਝ ਸੰਸਥਾਵਾਂ ਵੀ ਹੈਲਮੇਟ ਪਹਿਨਣ ਨੂੰ ਪ੍ਰਮੋਟ ਕਰ ਰਹੀਆਂ ਹਨ। ਉਨ੍ਹਾਂ ਆਖਿਆ ਕਿ ਇਸ ਬਾਰੇ ਇੱਕ ਵੈੱਬਸਾਈਟ ਬਣਾ ਦਿੱਤੀ ਗਈ ਹੈ ਜੋ ਕਿ ਸਿੱਖਾਂ ਵਿਚਕਾਰ ਹੈਲਮੈਟ ਨੂੰ ਪ੍ਰਮੋਟ ਕਰਨ ਦਾ ਯਤਨ ਕਰ ਰਹੀ ਹੈ ਤੇ ਇਹ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਅਕਾਲ ਤਖ਼ਤ ਜਥੇਦਾਰ ਨੇ ਕਿਹਾ ਕਿ ਭਾਰਤ ਸਰਕਾਰ ਤੇ ਭਾਰਤੀ ਫੌਜ ਦੇ ਅਫ਼ਸਰਾਂ ਨੂੰ ਇਸ ਮਸਲੇ ’ਤੇ ਗੌਰ ਕਰਨਾ ਚਾਹੀਦਾ ਹੈ।

**ਭਾਰਤ ’ਚ ਸਿੱਖ ਫੌਜੀਆਂ ਲਈ ਬਣ ਰਹੇ ਜੰਗਜੂ ਹੈਲਮੈਟ ਕਿਹੋ-ਜਿਹੇ**

ਬੀਤੀ 5 ਜਨਵਰੀ ਨੂੰ ਭਾਰਤੀ ਫੌਜ ਲਈ ਕੇਂਦਰ ਸਰਕਾਰ ਨੇ ਸਿੱਖ ਫੌਜੀਆਂ ਲਈ 12,730 ਹੈਲਮੇਟ ਪ੍ਰਾਪਤ ਕਰਨ ਲਈ ਟੈਂਡਰ ਜਾਰੀ ਕੀਤਾ ਹੈ।

ਭਾਰਤ ਵਿੱਚ ਪਿਛਲੇ ਸਾਲ 2022 ਵਿੱਚ ਕਾਨਪੁਰ ਆਧਾਰਿਤ ਐੱਮਕੇਯੂ ਕੰਪਨੀ ਨੇ ਸਿੱਖ ਫੌਜੀਆਂ ਦੇ ਸਿਰਾਂ ’ਤੇ ਪਾਉਣ ਲਈ ਹੈੱਡਗੇਅਰ ਬਣਾਉਣ ਦਾ ਦਾਅਵਾ ਕੀਤਾ ਸੀ। ਇਹ ਕੰਪਨੀ ਡਿਫੈਂਸ ਨਾਲ ਜੁੜੇ ਸਾਜੋ ਸਮਾਨ ਤਿਆਰ ਕਰਦੀ ਹੈ।

ਉਨ੍ਹਾਂ ਦੀ ਵੈਬਸਾਈਟ ਮੁਤਾਬਕ, ਕੰਪਨੀ ਨੇ ਸਮਾਰਟ ਡਿਜ਼ਾਈਨ ਅਤੇ ਤਕਨੀਕਾਂ ਦੀ ਵਰਤੋਂ ਕਰਕੇ ਵਿਕਸਤ ਕੀਤਾ ਗਿਆ, Kavro SCH AAA T ਇੱਕ ਵਿਸ਼ੇਸ਼ ਬੈਲਿਸਟਿਕ ਹੈਲਮੇਟ ਹੈ ਜੋ ਸਿੱਖ ਫੌਜੀਆਂ ਵੱਲੋਂ ਡਿਊਟੀ ਵੇਲੇ ਪਹਿਨਣ ਲਈ ਤਿਆਰ ਕੀਤਾ ਗਿਆ ਹੈ।ਇਸ ਦੀ ਖ਼ਾਸੀਅਤ ਇਹ ਹੈ ਕਿ ਹਰ ਤਰ੍ਹਾਂ ਦੇ ਜੰਗਜੂ ਮਾਹੌਲ ਵਿੱਚ ਸੁਰੱਖਿਆ ਪ੍ਰਦਾਨ ਕਰਦਾ ਹੈ। ਇਸ ਨੂੰ ਸਿਰ ਦੇ ਆਕਾਰ ਦੇ ਮੁਤਾਬਕ ਡਿਜ਼ਾਈਨ ਕੀਤਾ ਗਿਆ ਹੈ। ਇਸ ਦਾ ਭਾਰ ਅਤੇ ਇਸ ਵਿੱਚ ਵਰਤੀ ਗਈ ਸਮੱਗਰੀ ਨੂੰ ਇਸ ਤਰ੍ਹਾਂ ਰੱਖਿਆ ਗਿਆ ਹੈ ਕਿ ਇਸ ਨੂੰ ਲੰਬੇ ਸਮੇਂ ਤੱਕ ਪਾ ਕੇ ਰੱਖਿਆ ਜਾ ਸਕਦਾ ਹੈ।



ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਇਹ ਹੈਲਮੇਟ 40 ਫੀਸਦ ਦਿਮਾਗ਼ੀ ਸੱਟ ਨੂੰ ਘਟਾ ਸਕਦਾ ਹੈ।ਵੈੱਬਸਾਈਟ ’ਤੇ ਜਾਣਕਾਰੀ ਮੁਤਾਬਕ, ਇਸ ਹੈਲਮੇਟ ਵਿੱਚ ਫੰਗਲ ਇਨਫੈਕਸ਼ਨ ਦਾ ਖ਼ਤਰਾ ਘੱਟ ਰਹਿੰਦਾ ਹੈ ਅਤੇ ਕੈਮਿਕਲ ਵੀ ਸੁਰੱਖਿਅਤ ਹੈ।

ਕੰਪਨੀ ਦਾ ਦਾਅਵਾ ਹੈ ਕਿ ਇਸ ਹੈਲਮੇਟ ਨੂੰ ਪਾਉਣ ਨਾਲ ਕਿਸ ਤਰ੍ਹਾਂ ਦੀ ਕੋਈ ਐਲਰਜੀ ਨਹੀਂ ਹੁੰਦੀ ਅਤੇ ਇਹ ਸਾਰੇ ਮੌਸਮਾਂ ਵਿੱਚ ਆਸਾਨੀ ਨਾਲ ਪਾਇਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਇਹ ਫੌਜ ਵਿੱਚ ਵਰਤੇ ਜਾਣ ਵਾਲੇ ਹੋਰ ਸਾਜੋ-ਸਾਮਾਨ, ਜਿਵੇਂ ਕਿ ਹੈੱਡਫੋਨ ਆਦਿ ਦੇ ਇਸਤੇਮਾਲ ਲਈ ਵੀ ਸਹਾਇਕ ਹੈ।

**ਹੈਲਮੈਟ ਬਾਰੇ ਸਿੱਖ ਵਿਦਵਾਨ ਕੀ ਰਾਇ ਰੱਖਦੇ ਹਨ**

ਸਿੱਖ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਦਾ ਕਹਿਣਾ ਹੈ ਕਿ ਇਤਾਹਾਸ ਵਿੱਚ ਜਦੋਂ ਵੀ ਸਿੱਖਾਂ ਨੂੰ ਪੱਗ ਉਤਾਰ ਕੇ ਹੈਲਮੈਟ ਪਾਉਣ ਲਈ ਕਿਹਾ ਗਿਆ ਸੀ ਤਾਂ ਸਿੱਖਾਂ ਨੇ ਇਸ ਦਾ ਵਿਰੋਧ ਕੀਤਾ ਹੈ।

ਗੁਰਦਰਸ਼ਨ ਸਿੰਘ ਢਿੱਲੋਂ ਕਹਿੰਦੇ ਹਨ, “ਜੋ ਹੈਲਮੈਟ ਆ ਰਿਹਾ ਹੈ, ਉਹ ਸਿੱਖਾਂ ਨੂੰ ਦਸਤਾਰ ਦੇ ਉਪਰ ਦੀ ਪਾਉਣ ਲਈ ਕਿਹਾ ਜਾ ਰਿਹਾ ਹੈ। ਇਸ ਹੈਲਮੈਟ ਲਈ ਤੁਸੀਂ ਦਸਤਾਰ ਉਤਾਰਨੀ ਨਹੀਂ ਹੈ।

ਉਨ੍ਹਾਂ ਕਿਹਾ, “ਸਿੱਖ ਰਹਿਤ ਮਰਿਆਦਾ ਵਿੱਚ ਕੇਸਾਂ ਦੀ ਬਹੁਤ ਵੱਡੀ ਮਹਾਨਤਾ ਹੈ। ਇਸੇ ਕਾਰਨ ਅਨੰਦਪੁਰ ਸਾਹਿਬ ਨੂੰ ਕੇਸਗੜ੍ਹ ਸਾਹਿਬ ਕਹਿੰਦੇ ਹਨ। ਕੇਸਾਂ ਦੀ ਸੰਭਾਲ ਲਈ ਸਿੱਖ ਦਸਤਾਰ ਸਜਾਉਂਦੇ ਹਨ। ਅੱਜਕੱਲ੍ਹ ਜਦੋਂ ਗੋਲੀਆਂ ਨਾਲ ਲੜਾਈ ਹੁੰਦੀ ਹੈ ਤਾਂ ਦਸਤਾਰ ਨਾਲ ਤੁਸੀਂ ਜ਼ਖਮੀ ਹੋ ਸਕਦੇ ਹੋ। ਇਸ ਲਈ ਦਸਤਾਰ ਉਪਰ ਪਾਉਣ ਲਈ ਖਾਸ ਹੈਲਮੈਟ ਬਣਾਇਆ ਹੈ।

“ਇਸ ਦਾ ਮਕਸਦ ਹੈ ਕਿ ਸਿੱਖ ਆਪਣੀ ਦਸਤਾਰ ਬੰਨੀ ਰੱਖਣ। ਇਹ ਇੱਕ ਤਰ੍ਹਾਂ ਦੀ ਢਾਲ ਹੈ। ਇਸ ਨੇ ਨਾ ਤਾਂ ਕੇਸਾਂ ਨੂੰ ਅਤੇ ਨਾ ਹੀ ਦਸਤਾਰ ਨੂੰ ਪਰੇਸ਼ਾਨ ਕਰਨਾ ਹੈ। ਇਹ ਸੁਰੱਖਿਆ ਵਿੱਚ ਸਹਾਇਕ ਹੋਵੇਗਾ

ਢਿੱਲੋਂ ਨੇ ਕਿਹਾ, “ਇਸ ਮਸਲੇ ਨੂੰ ਸਹਿਜ਼ ਵਿੱਚ ਬੈਠ ਕੇ ਸਿਆਣੇ ਬੰਦਿਆਂ ਅਤੇ ਸਿੱਖ ਵਿਦਵਾਨਾਂ ਨਾਲ ਗੱਲ ਕਰਕੇ ਜਥੇਦਾਰ ਸਾਹਿਬ ਨੂੰ ਗੱਲ ਕਰਨੀ ਚਾਹੀਦੀ ਹੈ।


**ਹਰ ਚੀਜ ਸਿੱਖਾਂ ਦੇ ਵਿਰੁੱਧ ਨਹੀਂ ਹੈ: ਸੈਨਿਕ ਇਤਿਹਾਸਕਾਰ**

ਸੈਨਿਕ ਇਤਿਹਾਸਕਾਰ ਮਨਦੀਪ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਸਰਕਾਰ ਅਤੇ ਧਾਰਮਿਕ ਆਗੂ ਆਪਣੇ ਪੱਧਰ ਉਪਰ ਫੈਸਲੇ ਸੁਣਾ ਰਹੇ ਹਨ ਪਰ ਦੋਵਾਂ ਧਿਰਾਂ ਨੂੰ ਇਸ ਫੈਸਲੇ ਨਾਲ ਪ੍ਰਭਾਵਿਤ ਹੋਣ ਵਾਲੇ ਸੈਨਿਕਾਂ ਅਤੇ ਵਿਦਵਾਨਾਂ ਨਾਲ ਵੀ ਗੱਲ ਕਰਨੀ ਚਾਹੀਦੀ ਹੈ।

ਮਨਦੀਪ ਸਿੰਘ ਬਾਜਵਾ ਨੇ ਕਿਹਾ, “ਇਹ ਬਹੁਤ ਅਹਿਮ ਮਸਲਾ ਹੈ। ਸਿੱਖ ਫੌਜੀਆਂ ਦੀ ਪਛਾਣ ਹੀ ਪੱਗ ਨਾਲ ਹੈ। ਦੂਜੇ ਵਿਸ਼ਵ ਯੁੱਧ ਵਿੱਚ ਅੰਗਰੇਜ਼ਾਂ ਨੇ ਹੈਲਮੈਟ ਲਾਜ਼ਮੀ ਕਰ ਦਿੱਤਾ ਸੀ ਪਰ ਸਿੱਖ ਜਵਾਨਾਂ ਨੇ ਪਾਉਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਲਈ ਉਹਨਾਂ ਦਾ ਕੋਰਟ ਮਾਰਸ਼ਲ ਕਰ ਦਿੱਤਾ ਗਿਆ ਸੀ। ਹਾਲਾਂਕਿ ਬਾਅਦ ਵਿੱਚ ਅੰਗਰੇਜ਼ਾਂ ਨੂੰ ਝੁਕਣਾ ਪਿਆ ਸੀ। ਬਾਜਵਾ ਨੇ ਕਿਹਾ, “ਹੁਣ ਕਿਹਾ ਜਾ ਸਕਦਾ ਹੈ ਕਿ ਸਮਾਂ ਬਦਲ ਗਿਆ। ਲੋਕ ਸੁਰੱਖਿਆ ਬਾਰੇ ਸੋਚਦੇ ਹਨ। ਜੇਕਰ ਕਿਸੇ ਨੂੰ ਗੋਲੀ ਲੱਗਦੀ ਹੈ ਤਾਂ ਉਹ ਜਾਨਲੇਵਾ ਹੁੰਦੀ ਹੈ। ਮੈਂ ਇਕੱਲਾ ਹੈਲਮੈਟ ਪਾਉਣਾ ਹੀ ਨਹੀਂ ਕਹਾਂਗਾ ਪਰ ਇਸ ਬਾਰੇ ਸੋਚਣ ਦੀ ਤਾਂ ਲੋੜ ਹੈ। ਮੱਧਕਾਲੀ ਇਤਿਹਾਸ ਵਿੱਚ ਸਿੱਖ ਮਿਸਲਾਂ ਵੇਲੇ ਜਾਂ ਬੰਦਾ ਸਿੰਘ ਬਹਾਦਰ ਦੇ ਸਮੇਂ ਵੀ ਸਿੱਖ ਹੈਲਮੈਟ ਪਾਉਂਦੇ ਸਨ। ਇਹ ਹੈਲਮੈਟ ਲੋਹੇ ਦੇ ਹੁੰਦੇ ਸਨ। ਮਨਦੀਪ ਸਿੰਘ ਬਾਜਵਾ ਕਹਿੰਦੇ ਹਨ, “ਸਿਰਫ਼ ਧਾਰਮਿਕ ਜਾਂ ਸਿਆਸੀ ਆਗੂਆਂ ਦੇ ਵਿਚਾਰ ਹੀ ਨਹੀਂ ਸਗੋਂ ਇਤਿਹਾਸਕਾਰਾਂ ਅਤੇ ਬੁੱਧੀਜੀਵੀਆਂ ਦੇ ਨਾਲ-ਨਾਲ ਸਿੱਖ ਜਵਾਨਾਂ ਨੂੰ ਵੀ ਪੁੱਛੋ। ਫੌਜ ਦੀ ਇੱਕ ਪ੍ਰਥਾ ਹੈ ਸੈਨਿਕ ਸੰਮੇਲਨ ਜਾਂ ਦਰਬਾਰ, ਜਿਸ ਵਿੱਚ ਅਫ਼ਸਰ ਯੂਨਿਟਾਂ ਨੂੰ ਕਿਸੇ ਵੀ ਮਸਲੇ ਵਾਲੇ ਵਿਚਾਰ ਪੁੱਛਦੇ ਹਨ। ਇਹ ਸੋਚ ਸਮਝ ਕੇ ਸੰਵਾਦ ਤੋਂ ਬਾਅਦ ਫੈਸਲਾ ਲੈਣਾ ਪਵੇਗਾ। ਇਸ ਵਿੱਚ ਦੇਖਣਾ ਹੋਵੇਗਾ ਕਿ ਸਿੱਖ ਫੌਜੀ ਦੀ ਧਾਰਨਾ ਕੀ ਹੈ ਜਾਂ ਸੁਰੱਖਿਆ ਦੇ ਕੀ ਪੁਖਤਾ ਇੰਤਜ਼ਾਮ ਕੀਤੇ ਜਾ ਸਕਦੇ ਹਨ। ਹਰ ਚੀਜ ਸਿੱਖਾਂ ਦੇ ਵਿਰੁੱਧ ਨਹੀਂ ਹੈ। ਸਿੱਖਾਂ ਨੂੰ ਕੋਈ ਖਤਮ ਨਹੀਂ ਕਰ ਸਕਦਾ।



# ਮਾਘੀ ਮੁਕਤਸਰ ਦੀ!



ਲਿਖਤ
ਹਰਮਨਪ੍ਰੀਤ ਸਿੰਘ,
ਸੰਪਰਕ:
9855010005



ਮਾਘੀ ਕੇਵਲ ਪੰਜਾਬ ਵਿੱਚ ਹੀ ਨਹੀਂ ਬਲਕਿ ਭਾਰਤ ਦੇ ਹੋਰਨਾਂ ਪ੍ਰਦੇਸ਼ਾ 'ਚ ਵੀ ਮਨਾਈ ਜਾਂਦੀ ਹੈ। ਮਾਘੀ ਦੇਸੀ ਮਹੀਨੇ ਮਾਘ ਦੇ ਪਹਿਲੇ ਦਿਨ 1ਮਾਘ ਨੂੰ ਮਨਾਈ ਜਾਂਦੀ ਹੈ। ਭਾਰਤ ਦੇ ਅਲੱਗ-ਅਲੱਗ ਪ੍ਰਦੇਸ਼ਾ 'ਚ ਇਸ ਦੇ ਅਲੱਗ-ਅਲੱਗ ਨਾਮ ਹਨ ਜਿਵੇਂ : ਹਰਿਆਣਾ, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ, ਪੱਛਮੀ ਬੰਗਾਲ ਅਤੇ ਜੰਮੂ ਆਦਿ ਰਾਜਾਂ ਵਿੱਚ ਇਸ ਨੂੰ ਮਕਰ ਸੰਕਰਾਂਤੀ ਕਿਹਾ ਜਾਂਦਾ ਹੈ। ਕਰਨਾਟਕ, ਕੇਰਲ ਅਤੇ ਆਂਧਰਾ ਪ੍ਰਦੇਸ਼ ਵਿੱਚ ਇਸ ਨੂੰ ਸੰਕਰਾਂਤੀ ਕਿਹਾ ਜਾਂਦਾ ਹੈ। ਉੱਤਰ ਪ੍ਰਦੇਸ਼ ਅਤੇ ਬਿਹਾਰ ਵਿੱਚ ਇਸ ਤਿਉਹਾਰ ਨੂੰ ਖਿਚੜੀ ਦੇ ਨਾਂਅ ਨਾਲ ਜਾਣਿਆ ਜਾਂਦਾ ਹੈ ਅਤੇ ਤਾਮਿਲਨਾਡੂ ਦੇ ਵਿੱਚ ਲੋਕ ਇਸ ਨੂੰ ਪੋਂਗਲ ਦੇ ਰੂਪ ਵਿੱਚ ਮਨਾਉਂਦੇ ਹਨ। ਇਸੇ ਤਰਾਂ ਪੰਜਾਬ ਵਿਚ ਇਸ ਤਿਉਹਾਰ ਨੂੰ ਮਾਘੀ ਦੇ ਰੂਪ 'ਚ ਮਨਾਇਆ ਜਾਂਦਾ ਹੈ।

ਮੁਕਤਸਰ ਦੀ ਮਾਘੀ ਦੇ ਨਾਂ ਨਾਲ ਜਾਣਿਆ ਜਾਂਦਾ ਮਾਘੀ ਦਾ ਮੇਲਾ ਪੰਜਾਬੀਆਂ ਲਈ ਖਾਸ ਇਤਿਹਾਸਕ ਅਤੇ ਧਾਰਮਿਕ ਮਹੱਤਵ ਰਖਦਾ ਹੈ। ਇਤਿਹਾਸਕ ਪੱਖ ਤੋਂ ਪੋਹ ਮਾਘ, ਦੇ ਮਹੀਨੇ ਦਾ ਸਿੱਖ ਧਰਮ 'ਚ ਬੇਹੱਦ ਖ਼ਾਸ ਮਹੱਤਵ ਹੈ। ਇਹ ਉਹ ਮਹੀਨੇ ਹਨ, ਜਦੋਂ ਸਿੱਖਾਂ ਦੇ ਦਸਵੇਂ ਗੁਰੂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖੀ ਦੀ ਆਨ-ਬਾਨ-ਸ਼ਾਨ ਲਈ ਆਪਣਾ ਪੂਰਾ ਪ੍ਰੀਵਾਰ,ਆਪਣੇ ਸਿੰਘ ਇਨ੍ਹਾਂ ਪੋਹ, ਮਾਘ ਦੇ ਮਹੀਨੇ 'ਚ ਦੇਸ਼, ਕੌਮ ਤੋਂ ਕੁਰਬਾਨ ਕਰ ਦਿੰਦੇ ਹਨ।

ਪੰਜਾਬ ਦੇ ਇਤਿਹਾਸਿਕ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਵਿਖੇ ਦੇਸੀ ਮਹੀਨੇ ਮਾਘ ਦੇ ਪਹਿਲੇ ਦਿਨ 40 ਮੁਕਤਿਆਂ ਦੀ ਯਾਦ ਨੂੰ ਸਮਰਪਿਤ ਵਿਸ਼ਾਲ ਸ਼ਹੀਦੀ ਜੋੜ ਮੇਲਾ ਲੱਗਦਾ ਹੈ ਜਿਥੇ ਲੱਖਾਂ ਸ਼ਰਧਾਲੂ ਇਹਨਾਂ ਮਹਾਨ ਸ਼ਹੀਦਾਂ ਨੂੰ ਨਤਮਸਤਕ ਹੁੰਦੇ ਹਨ। ਸ੍ਰੀ ਮੁਕਤਸਰ ਸਾਹਿਬ ਦੀ ਧਰਤੀ ਤੇ ਸ਼ਹੀਦੀ ਜਾਮ ਪੀਣ ਵਾਲੇ ਇਹ ਮੁਕਤੇ ਉਹੀ ਸਿੰਘ ਸਨ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨਾਲ ਮੁਕਾਬਲਾ ਕਰ ਰਹੇ ਹੁੰਦੇ ਹਨ ਤਾਂ ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਕਿਲ੍ਹੇ ਦੀ ਘੇਰਾਬੰਦੀ ਕਰ ਲੈਂਦੀਆਂ ਹਨ। ਮੁਗਲਾਂ ਅਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਵਲੋਂ ਕੀਤੀ ਕਿਲ੍ਹੇ ਦੀ ਇਹ ਘੇਰਾਬੰਦੀ ਕਈ ਮਹੀਨੇ ਜਾਰੀ ਰਹਿੰਦੀ ਹੈ। ਇਸ ਘੇਰਾਬੰਦੀ ਤੋਂ ਤੰਗ 'ਆ ਮਾਝੇ ਦੇ ਸਿੰਘਾਂ ਨੇ ਗੁਰੂ ਜੀ ਨੂੰ ਛੱਡ ਘਰ ਵਾਪਸੀ ਦਾ ਮਨ ਬਣਾ, ਗੁਰੂ ਸਾਹਿਬ ਨੂੰ ਬੇਦਾਵਾ ਲਿਖਕੇ ਘਰਾਂ ਨੂੰ ਵਾਪਸ ਚਲੇ ਜਾਂਦੇ ਹਨ ਪ੍ਰੰਤੂ ਘਰ ਗਿਆਂ ਨੂੰ ਜਦੋਂ ਮਾਈ ਭਾਗੋ ਅਤੇ ਹੋਰਨਾਂ ਨੇ ਲਾਹਨਤਾਂ ਪਾਉਂਦੇ ਹੋਏ ਚੂੜੀਆਂ ਪਾ ਲੈਣ ਦਾ ਮਿਹਣਾ ਦਿੱਤਾ ਤਾਂ ਇਹ ਸਿੰਘ ਗੁਰੂ ਸਾਹਿਬ ਤੋਂ ਮੁਆਫ਼ੀ ਮੰਗ ਕੇ ਭੁੱਲ ਬਖਸ਼ਾਉਣ ਲਈ ਤਿਆਰ ਹੋ ਗਏ। ਦੂਜੇਪਾਸੇ ਗੁਰੂ ਜੀ ਚਮਕੌਰ ਸਾਹਿਬ, ਮਾਛੀਵਾੜਾ ਸਾਹਿਬ, ਆਲਮਗੀਰ, ਰਾਏਕੋਟ, ਦੀਨਾ ਹੁੰਦੇ ਹੋਏ ਜਦੋਂ ਕੋਟਕਪੂਰੇ ਪੁੱਜੇ ਇੱਥੇ ਵੀ ਮੁਗਲ ਫੌਜ ਗੁਰੂ ਜੀ ਦਾ ਪਿੱਛਾ ਕਰ ਪਹੁੰਚ ਗਈ । ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਖਿਦਰਾਨੇ ਦੀ ਢਾਬ ਤੋਂ ਥੋੜ੍ਹਾ ਜਿਹਾ ਅੱਗੇ 'ਜਾ ਬੈਠੇ ਤਾਂ ਕਿ ਉੱਚੀ ਟੀਸੀ ਤੇ ਬੈਠ ਕੇ ਯੋਜਨਾਬੱਧ ਢੰਗ ਨਾਲ ਮੁਗਲ ਫ਼ੌਜਾਂ ਦਾ ਮੁਕਾਬਲਾ ਕੀਤਾ ਜਾ ਸਕੇ। ਮੁਕਤਸਰ ਦਾ ਪੁਰਾਣਾ ਨਾਮ ਖਿਦਰਾਣਾ ਹੁੰਦਾ ਸੀ। ਇੱਥੇ ਹੀ ਜਿਨ੍ਹਾਂ ਸਿੰਘਾ ਨੇ ਗੁਰੂ ਜੀ ਨੂੰ ਅਨੰਦਪੁਰ ਸਾਹਿਬ ਦੀ ਧਰਤੀ ਤੇ ਬੇਦਾਵਾ ਲਿਖਕੇ ਘਰਾਂ ਨੂੰ ਵਾਪਿਸ ਗਏ ਸਨ ਮਾਝੇ ਦੇ ਉਹ ਚਾਲੀ ਸਿੰਘਾਂ ਦਾ ਜੱਥਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਭਾਲ ਕਰਦਾ ਹੋਇਆ ਖਿਦਰਾਣੇ ਦੀ ਢਾਬ ਤੇ 'ਆ ਪਹੁੰਚਿਆ ਤੇ ਮੁਗਲ ਫੌਜਾਂ ਵਿਰੁੱਧ ਮੋਰਚਾ ਸੰਭਾਲ ਲਿਆ। ਮਾਈ ਭਾਗੋ ਅਤੇ ਭਾਈ ਮਹਾਂ ਸਿੰਘ ਦੀ ਅਗਵਾਈ ਹੇਠ ਸਿੰਘਾਂ ਨੇ ਦੁਸ਼ਮਣ ਫੌਜ ਤੇ ਹੱਲਾ ਬੋਲ ਦਿੱਤਾ।

ਖਿਦਰਾਣੇ ਦੀ ਢਾਬ ਤੋਂ ਗੁਰੂ ਸਾਹਿਬ ਨੇ ਇਹਨਾਂ ਸਿੰਘਾਂ ਨੂੰ ਵੀਰਤਾ ਨਾਲ ਲੜਦੇ ਵੇਖਿਆ ਤੇ ਮੁਗਲ ਸੈਨਿਕ ਇਨ੍ਹਾਂ ਸਿੰਘਾ ਅੱਗੇ ਟਿਕ 'ਨਾ ਸਕੇ ਤੇ ਮੁਗਲ ਸੈਨਿਕ ਮੈਦਾਨ ਛੱਡ ਕੇ ਭੱਜ ਗਏ। ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੰਘਾਂ ਕੋਲ ਆਏ ਤਾਂ ਭਾਈ ਮਹਾਂ ਸਿੰਘ ਨੇ ਅਨੰਦਪੁਰ ਦੀ ਧਰਤੀ ਤੇ ਲਿਖਕੇ ਦਿੱਤਾ ਬੇਦਾਵਾ ਪਾੜ ਦੇਣ ਦੀ ਬੇਨਤੀ ਗੁਰੂ ਸਾਹਿਬ ਨੂੰ ਕੀਤੀ ਤਾਂ ਗੁਰੂ ਸਾਹਿਬ ਨੇ ਭਾਈ ਮਹਾਂ ਸਿੰਘ ਦਾ ਸਿਰ ਆਪਣੀ ਗੋਦ ਵਿੱਚ ਰੱਖ ਬੇਦਾਵਾ ਪਾੜ ਦਿੱਤਾ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹਨਾਂ ਚਾਲੀ ਸਿੰਘਾਂ ਨੂੰ ਬੇਦਾਵੇ ਤੋਂ ਮੁਕਤ ਕਰਕੇ ਟੁੱਟੀ ਸਿੱਖੀ ਨੂੰ ਮੁੜ ਗੰਢਣ ਦਾ ਵਚਨ ਦਿੱਤਾ। ਗੁਰੂ ਸਾਹਿਬ ਨੇ ਆਪਣੇ ਹੱਥੀਂ ਇਹਨਾਂ ਸਿੰਘਾਂ ਦਾ ਦਾਹ-ਸੰਸਕਾਰ ਕੀਤਾ ਅਤੇ ਇਸ ਥਾਂ ਦਾ ਨਾਮ ਮੁਕਤਸਰ ਰੱਖਿਆ। ਹੁਣ ਇਸ ਸਥਾਨ ਤੇ ਸਰੋਵਰ ਅਤੇ ਗੁਰਦੁਆਰਾ ਸ਼ਹੀਦ ਗੰਜ ਸਥਿਤ ਹੈ। ਬੇਦਾਵੀਏ ਸਿੰਘਾਂ ਦੀ ਗੁਰੂ ਸਾਹਿਬ ਹੱਥੋਂ ਮੁਕਤੀ ਹੋਣ ਦੀ ਗੱਲ ਇਤਿਹਾਸ ਦੇ ਪੰਨਿਆਂ ਤੇ ਇਉਂ ਦਰਜ ਹੈ:

**ਖਿਦਰਾਣਾ ਕਰ ਮੁਕਤਸਰ, ਮੁਕਤ ਮੁਕਤ ਸਭ ਕੀਨ।**
**ਹੋਇ ਸਾਬਤ ਜੁੜੈ ਜਥੈ, ਬਡੋ ਮਰਤਬੋ ਲੀਨ।**






# ਜਦੋਂ ਘਰ ਵਿੱਚ ਆਪਾਂ ਇੰਗਲਿਸ਼ ਬੋਲਣੋ ਨਹੀਂ ਛੱਡਾਂਗੇ ਤਾਂ ਫਿਰ ਬੱਚਿਆਂ ਪੰਜਾਬੀ ਕਿਵੇਂ ਆਵੇਗੀ

ਲਿਖਤ : ਕਰਮਜੀਤ ਕੌਰ (ਅੰਜੂ)
ਸੰਪਰਕ : 70099-23030



'ਜਿਸ ਨੂੰ ਦੇਖੋ ਮੈਨੇ-ਤੈਨੇ ਕਰਦਾ ਫਿਰਦਾ ਹੈ। ਇਉਂ ਲੱਗਦਾ ਜਿਵੇਂ ਕਿਸੇ ਪੰਜਾਬ ਤੋਂ ਬਾਹਰ ਦੇ ਕਿਸੇ ਸਕੂਲ ਵਿਚ ਪੜ੍ਹਾ ਰਹੀ ਹੋਵਾਂ, ਜਾਓ ਪਰੇ! ਮੈਂ ਨਹੀਂ ਬੋਲਣੀ ਹਿੰਦੀ ਚਾਹੇ ਜਿੰਨਾ ਮਰਜ਼ੀ ਜ਼ੋਰ ਲਗਾ ਲਵੋ।'' ਖਿਝਦੀ ਹੋਈ ਨਿੰਮੀ ਆਪਣੇ-ਆਪ ਨਾਲ ਲੜਦੀ ਰਹੀ। ਬਲੈਕ ਬੋਰਡ 'ਤੇ ਹਿੰਦੀ ਵਿਚ ਲਿਖੇ ਵਿਚਾਰ ਨੂੰ ਮਿਟਾ ਕੇ ਪੰਜਾਬੀ ਵਿਚ ਲਿਖਦਿਆਂ ਉਸ ਨੂੰ ਇੰਜ ਲੱਗਿਆ ਜਿਵੇਂ ਉਸ ਨੇ ਘਰੋਂ ਕੱਢੀ ਮਾਂ ਨੂੰ ਵਾਪਸ ਘਰ ਲਿਆਂਦਾ ਹੋਵੇ। ਅਰਮਾਨਾਂ ਨੂੰ ਅੰਦਰ ਦਬਾ ਕੇ ਰੱਖਣ ਵਾਲੀ ਨਿੰਮੀ ਸਭ ਵੱਲ ਟੇਢੀ ਜਿਹੀ ਨਿਗ੍ਹਾ ਨਾਲ ਦੇਖ ਰਹੀ ਸੀ। ਅੱਜ ਉਹ ਲੜਨ ਦੇ ਮੂਡ ਵਿਚ ਸੀ।

ਵੱਡੇ ਸਾਹਿਬ ਨੂੰ ਦੇਖਦਿਆਂ ਹੀ ਉਸ ਦੇ ਮੱਥੇ 'ਤੇ ਪਸੀਨਾ ਆ ਗਿਆ। ਅਖੇ, ''ਸਰ ਮੈਂ ਤੋ ਅਭੀ ਗਈ ਸੀ ਜੀ। ਕੁਝ ਕੰਮ ਥਾ। ਪੀਛੇ ਸੇ ਇਹ ਸਾਰੇ ਰੌਲਾ ਪਾਣੇ ਲੱਗ ਗਏ ਜੀ।''

ਇਵੇਂ ਲੱਗ ਰਿਹਾ ਸੀ ਜਿਵੇਂ ਮੈਡਮ ਪਰਦੀਪ ਹਿੰਦੀ ਤੇ ਪੰਜਾਬੀ ਸ਼ਬਦਾਂ ਨੂੰ ਮਿਕਸ ਕਰ ਕੇ ਅਨੇਕਤਾ ਵਿਚ ਏਕਤਾ ਦਾ ਪ੍ਰਚਾਰ ਕਰ ਰਹੀ ਹੋਵੇ। ਵੱਡੇ ਸਾਹਿਬ ਬਿਨਾਂ ਕੁਝ ਬੋਲੇ ਘੂਰੀ ਜਿਹੀ ਵੱਟ ਅੱਗੇ ਲੰਘ ਗਏ। ਚਲੋ ਖ਼ੈਰ, ਕੁਝ ਨਾ ਕੁਝ ਸ਼ਬਦ ਤਾਂ ਉਧਾਰੇ ਮੰਗ ਹੀ ਲਏ ਉਸ ਨੇ ਬਿਗਾਨੀ ਮਾਂ ਤੋਂ। ਵਾਪਸ ਆ ਕੇ ਨਿੰਮੀ ਨੂੰ ਕਹਿਣ ਲੱਗੇ, ''ਦੇਖੋ ਮੈਡਮ, ਇਨਕੋ ਖਿੱਚ ਦੋ। ਤੁਸੀਂ ਅੱਜ-ਕੱਲ੍ਹ ਦੇ ਬੱਚਿਆਂ ਕੋ ਨਹੀਂ ਜਾਣਤੇ। ਏਕ ਤੋ ਇਨਕੋ ਮੂਹਰੇ ਨਾ ਬੋਲਣ ਦੋ, ਜੇ ਕੋਈ ਨਹੀਂ ਪੜ੍ਹਤਾ ਤੋ ਸਿੱਧਾ ਮੇਰੇ ਪਾਸ ਰਿਪੋਰਟ ਦੋ।''

ਵੱਡੇ ਸਰ ਦੀ ਟੁੱਟੀ ਜਿਹੀ ਹਿੰਦੀ ਸੁਣ ਕੇ ਕੁਝ ਬੱਚੇ ਖਚਰੀ ਜਿਹੀ ਹਾਸੀ ਹੱਸੇ। ਵੱਡੇ ਸਰ ਨੇ ਭਾਂਪਦਿਆਂ ਹੀ ਦੋ-ਤਿੰਨ ਬੱਚੇ ਖੜ੍ਹੇ ਕਰ ਲਏ, ''ਉਏ ਹਾਸ ਕਿਉਂ ਰਹੇ ਸੀ, ਤੁਮ੍ਹੇ ਨਹੀਂ ਪਤਾ ਕਲਾਸ ਮੇਂ ਕਿਵੇਂ ਬੈਠਦੇ ਨੇ? '' ਵੱਡੇ ਸਰ ਦਾ ਧਿਆਨ ਵਟਦਿਆਂ ਹੀ ਉਨ੍ਹਾਂ ਨੇ ਫਿਰ ਮੁਸਕਰਾਉਣਾ ਸ਼ੁਰੂ ਕਰ ਦਿੱਤਾ। ਇਸ ਵਾਰ ਤਾਂ ਵੱਡੇ ਸਾਹਿਬ ਸਾਰੀ ਹਿੰਦੀ ਭੁੱਲ ਗਏ,''ਉਏ ਕੀ ਹੋਇਆ, ਨਾ ਥੋਡੇ ਤੋਂ ਪੜ੍ਹ ਨਹੀਂ ਜੇ ਹੁੰਦਾ? ਦੇਖੋ ਕਿਵੇਂ ਦੰਦ ਕੱਢਦੇ ਨੇ। ਉਏ ਕੱਝ ਤਾਂ ਸ਼ਰਮ ਮੰਨ ਲਿਆ ਕਰੋ ਪਤੰਦਰੋ।'' ਕਹਿੰਦਿਆਂ ਹੀ ਵੱਡੇ ਸਾਹਿਬ ਨੇ ਉਨ੍ਹਾਂ ਦੇ ਦੋ-ਤਿੰਨ ਥੱਪੜ ਦੇ ਮਾਰੇ।

ਥੱਪੜ ਦਾ ਖੜਾਕ ਸੁਣ ਕੇ ਦੂਜੇ ਵੀ ਥੋੜ੍ਹਾ ਲੋਟ ਜਿਹਾ ਹੋ ਕੇ ਬੈਠ ਗਏ। ਵੱਡੇ ਸਾਹਿਬ ਦੇ ਜਾਂਦਿਆਂ ਹੀ ਨਿੰਮੀ ਨੇ ਜਬਰਦਸਤੀ ਦੇ ਗਲ ਵਿਚ ਪਏ ਹਿੰਦੀ ਦੇ ਫਾਹੇ ਨੂੰ ਲਾਹ ਪਰੇ ਸੁੱਟ ਦਿੱਤਾ ਤੇ ਗੁਰਦਾਸ ਮਾਨ ਦੇ ਗੀਤ ਦੀਆਂ ਤੁਕਾਂ ਮੂੰਹ ਚ ਗੁਣਗੁਣਾਉਂਦੀ ਇੱਧਰ-ਉੱਧਰ ਘੁੰਮਣ ਲੱਗੀ '' ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਕੀਹਨੇ ਤੇਰਾ ਲਾਹ ਲਿਆ ਸ਼ਿੰਗਾਰ ਨੀ...।'' ਉਹੋ, ਮੈਡਮ ਜੀ ਤਾਂ ਲੱਗਦਾ ਸ਼ੁਰੂ ਹੋ ਗਈ। ਭਗਤੀ ਦਾ ਡੰਡਾ ਚੁੱਕ ਕੇ ਬਗ਼ਾਵਤ 'ਤੇ ਤੁਲ ਆਈ। ਹੁਣ ਤੁਸੀਂ ਕਹੋਗੇ ਕਿ ਲੈ ਉਹਨੇ ਤਾਂ ਭਾਈ ਪੰਜਾਬੀ ਹੀ ਬੋਲੀ ਐ, ਇਹਦੇ ਵਿਚ ਬਗ਼ਾਵਤ ਵਾਲੀ ਕਿਹੜੀ ਗੱਲ ਐ? ਉਹ ਤਾਂ ਰੌਲਾ ਪਾ-ਪਾ ਕਮਲੀ ਹੋ ਗਈ। ਭੀੜ ਵਿਚ ਖੜ੍ਹੀ ਆਪਣੇ ਭਰਾਵਾਂ ਨੂੰ ਪੁੱਛੀ ਜਾਂਦੀ ਸੀ, ''ਮਾਂ ਕਿੱਥੇ ਐ, ਮਾਂ ਕਿੱਥੇ ਐ? ਉਹ ਕਿਤੇ ਰੇਸ਼ਮੀ ਕੱਪੜੇ ਵਿਚ ਲਿਪਟੀ ਤ੍ਰੀਮਤੀ ਨੂੰ ਅੱਗੇ ਕਰ ਦਿੰਦੇ ਤੇ ਕਦੇ ਭੂਰੇ ਵਾਲਾਂ ਵਾਲੀ ਚਿੱਟੀ ਔਰਤ ਨੂੰ। ਉਹ ਫਿਰ ਰੌਲਾ ਪਾਉਣ ਲੱਗ ਜਾਂਦੀ। ''ਉਏ ਕਮਲਿਓ, ਇਹ ਆਪਣੀ ਮਾਂ ਕਦੋਂ ਐ, ਆਪਣੀ ਮਾਂ ਤਾਂ ਬੜੀ ਸਿੱਧੀ-ਸਾਦੀ ਐ ਪੰਜਾਬੀ ਪਹਿਰਾਵੇ ਵਿਚ ਸਜੀ ਜਿਹੀ।

ਉੱਦਣ ਦੀ ਉਹ ਥਾਂ-ਥਾਂ ਜਾਂਦੀ ਐ। ਕੋਈ ਵਿੱਦਿਅਕ ਸੰਸਥਾ ਉਸ ਨੇ ਨਹੀਂ ਛੱਡੀ। ਸਭ ਗਾਹ ਦਿੱਤੀਆਂ ਇਹ ਪੁੱਛਦਿਆਂ, '' ਭਾਈ ਇੱਥੇ ਮਾਂ ਤਾਂ ਨਹੀਂ ਆਈ।'' ਸਭ ਨੇ ਅੱਧਵਾਟੇ ਹੀ ਮੋੜ ਦਿੱਤੀ। ''ਇਹ ਤਾਂ ਭਾਈ ਜੱਗੋਂ ਤੇਰਵੀਂ ਹੋ ਗਈ, ਅਖੇ ਅੱਜ-ਕੱਲ੍ਹ ਬੱਚੇ ਆਪਣੇ ਮਾਂ-ਬਾਪ ਨੂੰ ਘਰੋਂ ਕੱਢ ਦਿੰਦੇ ਨੇ...ਭਾਈ ਇਹ ਤਾਂ ਹੋਣਾ ਈ ਸੀ, ਜਦੋਂ ਉਨ੍ਹਾਂ ਨੂੰ ਆਪਣੀ ਪੰਜਾਬੀ ਮਾਂ-ਬੋਲੀ ਸੰਭਾਲ ਕੇ ਰੱਖਣ ਦਾ ਚੱਜ ਨਹੀਂ ਆਇਆ ਫਿਰ ਆਪਣੇ ਜਣਿਆਂ ਨੂੰ ਸੰਭਾਲ ਕੇ ਰੱਖਣ ਦਾ ਚੱਜ ਕਿੱਥੋਂ ਆਉਂਦਾ। ਜਦੋਂ ਘਰ ਦੇ ਹੀ ਇੰਗਲਿਸ਼ ਨੂੰ ਮੂੰਹ ਮਾਰਦੇ ਹੋਣ ਫਿਰ ਪੰਜਾਬੀ ਬੋਲੀ ਕਿਵੇਂ ਆਵੇ। '' ਓ ਤਾਇਆ ਬਿਸ਼ਨਾ ਸਵੇਰੇ-ਸਵੇਰੇ ਧੂੰਈ ਦੇ ਆਲੇ-ਦੁਆਲੇ ਨਿੱਕੇ ਨਿਆਣਿਆਂ ਦੀ ਕਲਾਸ ਲਾਈ ਬੈਠਾ,''ਅਖੇ ਚਲੋ ਬੱਚਿਓ, ਅੰਗਰੇਜੀ ਬੋਲ ਕੇ ਦਿਖਾਓ।''

ਅੰਗਰੇਜ਼ੀ ਵਿਚ ਹੱਥ ਟਾਈਟ ਜਿਹਾ ਹੋਣ ਕਰ ਕੇ ਸਾਰੇ ਬੱਚੇ ਇਕ-ਦੂਜੇ ਦੇ ਮੂੰਹ ਵੱਲ ਵੇਖਣ ਲੱਗ ਪਏ ਤੇ ਤਾਏ ਬਿਸ਼ਨੇ ਦਾ ਛੋਟਾ ਪੋਤਾ ਸ਼ਰਮਾ ਕੇ ਕਹਿਣ ਲੱਗਾ,''ਥਾਨੂੰ ਤਾਂ ਇੰਦਲਿਸ਼ ਬੋਲਣੀ ਨੀ ਆਉਂਦੀ। ਬਾਪੂ ਏ ਐਪਲ ਲਿਖ ਕੇ ਦਿਖਾਵਾਂ।'' ਉਸ ਦੀ ਤੋਤਲੀ ਜਿਹੀ ਗੱਲ ਸੁਣ ਕੇ ਤਾਏ ਬਿਸ਼ਨੇ ਦਾ ਹਾਸਾ ਨਿਕਲ ਗਿਆ ਤੇ ਫਿਰ ਕਹਿਣ ਲੱਗਿਆ,''ਅੱਛਾ ਚੱਲ ਤੇਰੀ ਮੈਡਮ ਨੂੰ ਕਹਿ ਕੇ ਆਈਏ, ਭਾਈ ਮਹਿੰਗੇ ਸਕੂਲ 'ਚ ਪੜ੍ਹਾਉਣ ਦਾ ਕੀ ਫ਼ਾਇਦਾ ਜੇ ਜਵਾਕ ਨੂੰ ਅੰਗਰੇਜ਼ੀ ਹੀ ਨਾ ਬੋਲਣੀ ਆਵੇ।''

ਹੁਣ ਤਾਂ ਬਈ ਸੱਚੀਂ ਮਾਂ ਵੀ ਰੋ ਪਈ ਹੋਊ। ਸੋਚਦੀ ਹੋਊ ਮਾਂ ਤਾਂ ਹਮੇਸ਼ਾ ਬੱਚਿਆਂ ਦੀ ਸੁੱਖ ਭਾਲਦੀ ਐ, ਅੱਜ ਮੈਂ ਲੋਰੀਆਂ ਦੇ ਬੱਚਿਆਂ ਨੂੰ ਪਾਲ ਕੇ ਵਿਆਹਾਂ-ਸ਼ਾਦੀਆਂ 'ਚ ਘੋੜੀਆਂ ਗਾ ਕੇ ਅਤੇ ਗਮੀ 'ਤੇ ਹਮਦਰਦੀ ਪ੍ਰਗਟਾਉਂਦੀਆਂ ਫਿਰ ਵੀ ਕੁਮਾਪੇ ਸ਼ਬਦ ਵਰਗਾ ਸੰਤਾਪ ਕਿਉਂ ਹੰਢਾ ਰਹੀ ਹਾਂ ਜਿਵੇਂ ਤਾਏ ਬਿਸ਼ਨੇ ਦਾ ਪੁੱਤਰ ਹੰਢਾ ਰਿਹਾ ਸੀ। ਹੁਸ਼ਿਆਰ ਤਾਂ ਉਹ ਬਹੁਤ ਸੀ ਪਰ ਅੰਗਰੇਜ਼ੀ ਬਹੁਤੀ ਨਾ ਆਉਣ ਕਾਰਨ ਨੌਕਰੀ ਲਈ ਵਿੱਦਿਅਕ ਸੰਸਥਾਵਾਂ ਦੇ ਚੱਕਰ ਕੱਢਦਾ ਰਿਹਾ, ਅੱਗੋਂ ਅਫ਼ਸਰਾਂ ਦੀ ਅੰਗਰੇਜ਼ੀ ਵਿੱਚ ਕੀਤੀ ਗਿੱਟ-ਪਿੱਟ ਦਾ ਜਵਾਬ ਨਾ ਦੇਣ ਕਾਰਨ ਆਪਣੇ ਅੰਦਰ ਕੁਝ ਟੁੱਟਦਾ ਜਿਹਾ ਮਹਿਸੂਸ ਕਰਦਾ। ਜੇ ਤਰਲਾ ਮਾਰ ਕੇ ਉਸ ਨੂੰ ਨੌਕਰੀ ਮਿਲ ਵੀ ਗਈ ਤਾਂ ਹਿੰਦੀ ਨਾਲ ਉਸ ਦੀ ਬਹੁਤੀ ਨਾ ਬਣੀ।

ਆਖ਼ਰ ਸਾਰੀ ਕੀਤੀ ਪੜ੍ਹਾਈ ਖੂਹ-ਖਾਤੇ ਪਾ ਕੇ ਵਾਪਸ ਆ ਕੇ ਪਿੰਡ ਵਾਲੇ ਖੇਤ ਵਿਚ ਬਾਪੂ ਨਾਲ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਖੇਤਾਂ ਦੀ ਖੁੱਲ੍ਹੀ ਹਵਾ ਉਸ ਨੂੰ ਅੰਗਰੇਜ਼ੀ, ਹਿੰਦੀ ਦੇ ਕੈਦਖਾਨੇ ਨਾਲੋਂ ਕਿਤੇ ਵਧੀਆ ਲੱਗਦੀ। ਮਾਂ-ਬੋਲੀ ਪੰਜਾਬੀ ਗਮੀ-ਸਦੀ ਤੇ ਵਿਆਹ-ਸ਼ਾਦੀ ਵਰਗੇ ਖ਼ੁਸ਼ੀ ਭਰੇ ਮੌਕੇ 'ਤੇ ਆਪਣੀ ਹਾਜ਼ਰੀ ਲਵਾਉਂਦੀ ਐ। ਹਾਂ ਸੱਚ ਬਈ ਵਿਆਹ-ਸ਼ਾਦੀਆਂ ਤੋਂ ਗੱਲ ਯਾਦ ਆ ਗਈ। ਬੇਬੇ ਤੇਜ ਕੌਰ ਅੱਜ ਸਵੇਰੇ-ਸਵੇਰੇ ਵਿਆਹ ਦੇ ਦੋ-ਤਿੰਨ ਕਾਰਡ ਚੁੱਕੀ ਆਵੇ।

ਮੈਨੂੰ ਕਹਿੰਦੀ, ''ਲੈ ਨੀ ਕੁੜੀਏ ਪੜ੍ਹੀਂ ਕੇਰਾਂ ਏ ਅੰਗਰੇਜ਼ੀ ਕਿਹੜਾ ਅੱਗ ਲੱਗਣੀ ਸਮਝ ਆਉਂਦੀ ਐ।'' ਜਣਾ-ਖਣਾ ਅੰਗਰੇਜ਼ੀ ਵਿਚ ਕਾਰਡ ਛਪਵਾ ਕੇ ਭੇਜ ਦਿੰਦੈ, ਏ ਤਾਂ ਉਹ ਗੱਲ ਹੋਈ ਬਈ ਮਾਂ ਲੋਰੀਆਂ ਦੇ ਕੇ ਪੁੱਤ-ਧੀਆਂ ਨੂੰ ਵੱਡੇ ਕਰੇ ਅਤੇ ਫਿਰ ਵਿਆਹ-ਸ਼ਾਦੀਆਂ ਦੇ ਸ਼ੁਭ ਮੌਕਿਆਂ 'ਤੇ ਇਹੀ ਬੱਚੇ ਮਾਂ ਨੂੰ ਪਿੱਠ ਦਿਖਾ ਦੇਣ ਅਖੇ ਮਾਂ ਤੂੰ ਸਾਹਮਣੇ ਨਾ ਆਈਂ। ਸਾਡੀ ਹਾਈ-ਫਾਈ ਸੁਸਾਇਟੀ ਵਾਲੇ ਲੋਕ ਕੀ ਕਹਿਣਗੇ।''

''ਓ ਇੰਗਲਿਸ਼ ਬੋਲਣ ਵਾਲਿਓ ਗੁੱਸਾ ਕਰਨ ਦੀ ਲੋੜ ਨਹੀਂ ਐ। ਜੇ ਸਾਡਾ ਬੱਚਾ ਸਾਰਾ ਦਿਨ ਅੰਗਰੇਜ਼ੀ-ਹਿੰਦੀ ਬੋਲਣ ਵਾਲੇ ਬੱਚਿਆਂ ਨਾਲ ਗਿਟਰ-ਪਿਟਰ ਕਰਦਾ ਰਹਿੰਦਾ, ਸਾਰਾ ਦਿਨ ਖੇਡਦਾ ਰਹਿੰਦਾ, ਫਿਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਹ ਘਰ ਦਾ ਰਾਹ ਭੁੱਲ ਜੇ।''

''ਇਹ ਤਾਂ ਭਾਈ ਸਾਡੇ ਪੰਘੂੜੇ ਦੀ ਭਾਸ਼ਾ ਐ। ਪਾਣੀ ਤਾਂ ਅਸੀਂ ਮਾਂ ਤੋਂ ਇਸੇ ਜ਼ੁਬਾਨ 'ਚ ਈ ਮੰਗਦੇ ਆਂ, ਚਾਹੇ ਕੋਈ ਕਿੰਨੀ ਵੀ ਵਾਹ ਲਾ ਲਵੇ। ਸਾਰਾ ਦਿਨ ਕੰਮ-ਧੰਦੇ ਤੋਂ ਥੱਕਿਆ ਟੁੱਟਿਆ ਬੰਦਾ ਸੌਂਦਾ ਤਾਂ ਘਰ ਆ ਕੇ ਮਾਂ ਦੀ ਗੋਦ 'ਚ ਈ ਐ। ਤੇ ਨਾਲੇ ਜਦੋਂ ਗਿਆਰਵੇਂ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਨਾਲ ਨੇ ਤਾਂ ਪੰਜਾਬੀਆਂ ਦੀ ਪੰਜਾਬੀ ਨੂੰ ਕੋਈ ਢਾਹ ਨਹੀਂ ਲਾ ਸਕਦਾ। ਚੰਗਾ ਫਿਰ ਪੰਜਾਬੀ 'ਚ ਰੱਬ ਖ਼ੈਰ ਕਰੇ ਤੇ ਸਭ ਦੀ ਕਾਟੋ ਫੁੱਲਾਂ 'ਤੇ ਖੇਡਦੀ ਰਹੇ।'' ਅਲਵਿਦਾ।



ਲਿਖਤ : ਕੁਲਦੀਪ ਸਿੰਘ ਰਾਮਨਗਰ
ਸੰਪਰਕ : 94179-90040

# ਲੋਹੜੀ



ਬਚਪਨ ਵਿੱਚ ਲੋਹੜੀ ਮੰਗਣ ਵੇਲੇ ਗਾਏ ਇਹ ਬੋਲ ਬਚਪਨ ਵੇਲੇ ਮਨਾਈ ਜਾਂਦੀ ਹਰ ਲੋਹੜੀ ਦੀ ਯਾਦ ਤਾਜ਼ਾ ਕਰਾ ਜਾਂਦੇ ਹਨ।

ਦੇ ਮਾਈ ਪਾਥੀ
ਤੇਰਾ ਪੁੱਤ ਚੜ੍ਹੇ ਹਾਥੀ,
ਦੇ ਮਾਈ ਲੋਹੜੀ
ਜੀਵੇ ਤੇਰੀ ਜੋੜੀ,
ਦੇ ਮਾਈ ਲੋਹੜੀ
ਤੇਰਾ ਪੁੱਤ ਚੜ੍ਹੇ ਘੋੜੀ,
ਦੇ ਮਾਈ...

ਭਾਵੇਂ ਲੋਹੜੀ ਮਨਾਉਣ ਪਿੱਛੇ ਕਈ ਕਾਰਨ ਦੱਸੇ ਜਾਂਦੇ ਹਨ ਪਰ ਲੋਹੜੀ ਦਾ ਇਤਿਹਾਸ ਦੁੱਲਾ ਭੱਟੀ ਦੀ ਕਹਾਣੀ ਨਾਲ ਵੀ ਜੁੜਿਆ ਹੋਇਆ ਹੈ। ਦੁੱਲਾ ਭੱਟੀ ਅਕਬਰ ਦੇ ਸ਼ਾਸ਼ਨਕਾਲ ਦੌਰਾਨ ਇੱਕ ਬਾਗ਼ੀ ਸੀ ਅਤੇ ਦਿਆਲੂ ਵੀ ਸੀ ਜੋ ਕਿ ਅਮੀਰ ਲੋਕਾਂ ਦਾ ਮਾਲ ਲੁੱਟ ਕੇ ਗਰੀਬ ਲੋਕਾਂ ਵਿੱਚ ਵੰਡ ਦਿੰਦਾ ਸੀ। ਉਸ ਇਲਾਕੇ ਦੇ ਗਰੀਬ ਲੋਕ ਉਸ ਦੀ ਇਸ ਦਰਿਆ-ਦਿਲੀ ਦੇ ਕਾਇਲ ਸਨ ਇਸ ਕਰ ਕੇ ਉਹ ਲੋਕ ਉਸ ਦਾ ਆਦਰ-ਸਤਿਕਾਰ ਤੇ ਉਸ ਨੂੰ ਪਿਆਰ ਵੀ ਕਰਦੇ ਸਨ। ਇੱਕ ਵਾਰ ਦੀ ਗੱਲ ਹੈ ਕਿ ਉਸ ਨੇ ਇੱਕ ਲੜਕੀ ਤੋਂ ਅਗਵਾਕਾਰਾਂ ਤੋਂ ਇੱਕ ਲੜਕੀ ਨੂੰ ਛੁਡਾਇਆ ਤੇ ਉਸ ਲੜਕੀ ਨੂੰ ਆਪਣੀ ਧਰਮ ਦੀ ਧੀ ਬਣਾ ਲਿਆ। ਜਦ ਦੁੱਲਾ-ਭੱਟੀ ਨੇ ਉਸ ਲੜਕੀ ਦਾ ਵਿਆਹ ਕੀਤਾ ਤਾਂ ਉਸ ਨੇ ਉਸ ਦੇ ਵਿਆਹ ਵਿੱਚ ਤੋਹਫ਼ੇ ਦੇ ਤੌਰ ਤੇ ਸ਼ੱਕਰ ਪਾ ਦਿੱਤੀ ਸੀ। ਇੱਕ ਹੋਰ ਦੰਤ-ਕਥਾ ਅਨੁਸਾਰ: ਸੁੰਦਰੀ-ਮੁੰਦਰੀ ਇੱਕ ਗਰੀਬ ਬ੍ਰਾਹਮਣ ਦੀਆਂ ਮੰਗੀਆਂ ਹੋਈਆਂ ਧੀਆਂ ਸਨ ਪਰ ਗਰੀਬੀ ਕਾਰਨ ਵਿਆਹ ਵਿੱਚ ਦੇਰ ਹੋ ਰਹੀ ਸੀ। ਹਾਕਮ ਨੂੰ ਕੁੜੀਆਂ ਦੇ ਹੁਸਨ ਦਾ ਪਤਾ ਲੱਗ ਗਿਆ ਤਾਂ ਉਸ ਨੇ ਇਨ੍ਹਾਂ ਨੂੰ ਜ਼ੋਰੀਂ ਚੁੱਕਣ ਦੀ ਧਾਰ ਲਈ ਲਈ। ਇਸ ਦੀ ਭਿਣਕ ਬ੍ਰਾਹਮਣ ਨੂੰ ਵੀ ਪੈ ਗਈ। ਇਸ ਲਈ ਉਸਨੇ ਕੁੜੀਆਂ ਦਾ ਜਲਦੀ ਵਿਆਹ ਕਰਨ ਲਈ ਜੰਗਲ ਵਿੱਚ ਦੁੱਲੇ ਨਾਲ ਸੰਪਰਕ ਕੀਤਾ ਅਤੇ ਦੁੱਲੇ ਨੇ ਵਿਆਹ ਦੀ ਜ਼ੁੰਮੇਵਾਰੀ ਲੈ ਲਈ ਅਤੇ "ਕੁੜੀਆਂ ਦੇ ਸਹੁਰਿਆਂ ਨੇ ਹਾਕਮ ਤੋਂ ਡਰਦਿਆਂ ਕਿਹਾ ਕਿ ਉਹ ਰਾਤ ਸਮੇਂ ਹੀ ਵਿਆਹੁਣ ਆਉਣਗੇ। ਪਿੰਡ ਤੋਂ ਬਾਹਰ ਜੰਗਲ ਵਿੱਚ ਵਿਆਹ ਰਚਾਉਣ ਦਾ ਪ੍ਰਬੰਧ ਕੀਤਾ ਗਿਆ। ਰੌਸ਼ਨੀ ਲਈ ਲੱਕੜੀਆਂ ਇਕੱਠੀਆਂ ਕਰ ਕੇ ਅੱਗ ਬਾਲੀ ਗਈ। ਦੁੱਲੇ ਨੇ ਆਲੇ-ਦੁਆਲੇ ਦੇ ਪਿੰਡਾਂ ਤੋਂ ਦਾਨ ਇਕੱਠਾ ਕੀਤਾ। ਪਿੰਡ ਵਿੱਚ ਜਿਹਨਾਂ ਦੇ ਘਰ ਨਵੇਂ ਵਿਆਹ ਹੋਏ ਸਨ ਜਾਂ ਜਿਹਨਾਂ ਦੇ ਬਾਲ ਜਨਮੇ ਸਨ ਉਨ੍ਹਾਂ ਨੇ ਵੀ ਸੁੰਦਰ-ਮੁੰਦਰੀ ਦੇ ਵਿਆਹ 'ਤੇ ਆਪਣੇ ਵੱਲੋਂ ਕੁਝ ਨਾ ਕੁਝ ਗੁੜ-ਸ਼ੱਕਰ ਤੇ ਦਾਣੇ ਆਦਿ ਦੇ ਰੂਪ ਵਿੱਚ ਦਾਨ ਦਿੱਤਾ। ਦੁੱਲੇ ਕੋਲ ਕੰਨਿਆ-ਦਾਨ ਦੇਣ ਲਈ ਇੱਕ ਲੱਪ ਸ਼ੱਕਰ ਦੀ ਹੀ ਸੀ। ਕੁੜੀਆਂ ਦਾ ਡੋਲਾ ਤੁਰ ਗਿਆ ਤੇ ਗ਼ਰੀਬ ਬ੍ਰਾਹਮਣ ਨੇ ਦੁੱਲੇ ਦਾ ਲੱਖ-ਲੱਖ ਸ਼ੁਕਰ ਕੀਤਾ। ਕਿਹਾ ਜਾਂਦਾ ਹੈ ਕਿ ਉਦੋਂ ਤੋਂ ਲੋਹੜੀ ਮਨਾਉਣ ਦਾ ਰਿਵਾਜ ਪੈ ਗਿਆ। ਇਸ ਕਰ ਕੇ ਹੀ ਹਰ ਲੋਹੜੀ ਦੇ ਦਿਨ ਦੁੱਲੇ ਨੂੰ ਹਰ ਲੋਹੜੀ ਦੇ ਸਮੇਂ ਯਾਦ ਕੀਤਾ ਜਾਂਦਾ ਹੈ। ਸ਼ਾਮ ਨੂੰ ਬੱਚੇ ਘਰਾਂ ਚੋਂ ਲੋਹੜੀ ਮੰਗਣ ਤੋਂ ਬਾਅਦ ਪਾਥੀਆਂ ਅਤੇ ਲੱਕੜਾਂ ਨਾਲ ਲੋਹੜੀ ਨੂੰ ਜਲਾ ਕੇ ਇਹ ਗੀਤ ਗਾਉਂਦੇ ਹੋਏ ਨਜਰ ਆਉਂਦੇ ਹਨ।

ਸੁੰਦਰ ਮੁੰਦਰੀਏ - ਹੋ!
ਤੇਰਾ ਕੌਣ ਵਿਚਾਰਾ - ਹੋ!
ਦੁੱਲਾ ਭੱਟੀ ਵਾਲਾ - ਹੋ!
ਦੁੱਲੇ ਧੀ ਵਿਆਹੀ - ਹੋ!

ਸੇਰ ਸੱਕਰ ਆਈ - ਹੋ!
ਕੁੜੀ ਦੇ ਬੋਝੇ ਪਾਈ - ਹੋ!

ਕੁੜੀ ਦਾ ਲਾਲ ਪਟਾਕਾ - ਹੋ!
ਕੁੜੀ ਦਾ ਸਾਲੂ ਪਾਟਾ - ਹੋ!
ਸਾਲੂ ਕੌਣ ਸਮੇਟੇ - ਹੋ!

ਚਾਚਾ ਗਾਲ੍ਹੀ ਦੇਸੇ - ਹੋ!
ਚਾਚੇ ਚੂਰੀ ਕੁੱਟੀ - ਹੋ!

ਜ਼ਿੰਮੀਦਾਰਾਂ ਲੁੱਟੀ - ਹੋ!
ਜ਼ਿੰਮੀਦਾਰ ਸਦਾਓ - ਹੋ!

ਗਿਣ ਗਿਣ ਪੌਲੇ ਲਾਓ - ਹੋ!
ਇੱਕ ਪੌਲਾ ਘਟ ਗਿਆ!
ਜ਼ਿਮੀਂਦਾਰ ਨੱਸ ਗਿਆ -

ਜੋਂ ਵੀ ਹੈ ਲੋਹੜੀ ਇੱਕ ਆਪਸੀ ਭਾਈਚਾਰਕ ਅਤੇ ਪਿਆਰ ਦੀ ਸਾਂਝ ਬਣ ਚੁੱਕੀ ਹੈ। ਪਹਿਲਾਂ ਸਿਰਫ਼ ਇਹ ਨਵੇਂ ਜੰਮੇ ਮੁੰਡਿਆਂ ਦਾ ਸਨਮਾਨ ਸੀ ਪਰ ਅੱਜ ਕੱਲ੍ਹ ਇਹ ਸਾਡੀ ਧੀਆਂ ਦਾ ਸਨਮਾਨ ਵੀ ਬਣ ਚੁੱਕੀ ਹੈ। ਨਵੇਂ ਜਨਮੇ ਬੱਚਿਆ ਦੀ ਲੋਹੜੀ ਮਨਾਉਣ ਦੀ ਰੀਤ ਬਣ ਚੁੱਕੀ ਹੈ। ਅੱਜ ਦੀ ਭੱਜ ਦੌੜ ਵਿੱਚ ਜਦੋਂ ਇਨਸਾਨ ਪਿੰਡ ਜਾਂ ਸ਼ਹਿਰ ਦੀ ਸਾਂਝੀ ਥਾਂ ਤੇ ਬਲਦੀ ਲੋਹੜੀ ਸ਼ੇਕਦਾ ਹੋਇਆ ਅਪਣੇ ਲੋਕਾਂ ਨਾਲ ਮੋਹ ਭਿੱਜੀਆਂ ਗੱਲਾਂ ਕਰਦਾ ਹੈ ਤਾਂ ਉਹ ਉਥੋਂ ਆਪਣੇ ਬਚਪਨ ਵਾਲੇ ਵਕਤ ਦੀਆ ਯਾਦਾ ਦੀਆ ਰਿਉੜੀਆਂ ਲੈਕੇ ਮੁੜਦਾ ਹੋਇਆ ਆਪਣੇ ਘਰ ਚਲਾ ਜਾਂਦਾ ਹੈ।





# ਮੋਬਾਈਲ ਫੋਨ ਅਤੇ ਟੀ.ਵੀ. ਖੋਹ ਰਹੇ ਹਨ ਬੱਚਿਆਂ ਦੀ ਆਵਾਜ਼

ਲਿਖਤ : ਭੁਪਿੰਦਰਵੀਰ ਸਿੰਘ
ਸੰਪਰਕ : 99149-57073

ਜਿਉਂ-ਜਿਉਂ ਹੀ ਤਕਨਾਲੋਜੀ ਵਿਚ ਵਾਧਾ ਹੋ ਰਿਹਾ ਹੈ ਨਾਲ ਹੀ ਮਨੁੱਖੀ ਜੀਵਨ ਦੀਆਂ ਆਰਾਮਦਾਇਕ ਸਹੂਲਤਾਂ ਵਿਚ ਵੀ ਵਾਧਾ ਹੋ ਰਿਹਾ ਹੈ। ਪਰ ਅੱਜ ਵਰਦਾਨ ਮੰਨੀ ਜਾਂਦੀ ਤਕਨਾਲੋਜੀ ਹੀ ਕਈ ਖੇਤਰਾਂ ਵਿਚ ਮਨੁੱਖ ਦੇ ਨੁਕਸਾਨ ਦਾ ਕਾਰਨ ਬਣ ਰਹੀ ਹੈ। ਅਜਿਹਾ ਹੀ ਇਕ ਵੱਡਾ ਨੁਕਸਾਨ ਜੋ ਆਧੁਨਿਕ ਤਕਨਾਲੋਜੀ ਦੀ ਦੇਣ ਮੰਨਿਆ ਜਾ ਰਿਹਾ ਹੈ ਉਹ ਹੈ ਛੋਟੇ ਬੱਚਿਆਂ ਵਿਚ ਨਿਰਧਾਰਤ ਸਮੇਂ ਤੋਂ ਦੇਰ ਨਾਲ ਬੋਲਣ ਦੀ ਸਮੱਸਿਆ ਜੋ ਕਿ ਤਕਰੀਬਨ ਅੱਜ 40 ਪ੍ਰਤੀਸ਼ਤ ਬੱਚਿਆਂ ਵਿਚ ਪਾਈ ਜਾ ਰਹੀ ਹੈ। ਪਰਮਾਤਮਾ ਨੇ ਹਰ ਵਿਅਕਤੀ ਨੂੰ ਆਵਾਜ਼ ਦਾ ਇਕ ਅਜਿਹਾ ਤੋਹਫ਼ਾ ਬਖ਼ਸ਼ਿਆ ਹੈ ਜੋ ਕਿ ਜੀਵਨ ਦਾ ਇਕ ਮੁੱਖ ਅੰਗ ਮੰਨਿਆ ਜਾਂਦਾ ਹੈ। ਪਰ ਅੱਜ ਤਕਨਾਲੋਜੀ ਦੀ ਹੋ ਰਹੀ ਦੁਰਵਰਤੋਂ ਸਦਕਾ ਹੀ ਬੱਚਿਆਂ ਵਿਚ ਦੇਰ ਨਾਲ ਬੋਲਣ ਦੀਆਂ ਸਮੱਸਿਆਵਾਂ ਵਿਚ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਸ ਸਮੱਸਿਆ ਦੇ ਵਧਣ ਦੇ ਵੱਖ-ਵੱਖ ਕਾਰਨ ਹਨ।

ਮਨੁੱਖੀ ਜੀਵਨ ਵਿਚ ਸਰੀਰ ਨੂੰ ਜਦੋਂ ਕੋਈ ਬਿਮਾਰੀ ਘੇਰਦੀ ਹੈ ਤਾਂ ਉਹ ਆਪਣੇ ਆਉਣ ਦੇ ਲੱਛਣ ਪਹਿਲਾਂ ਦਰਸਾਉਣ ਲੱਗ ਪੈਂਦੀ ਹੈ ਜੇਕਰ ਸਮਾਂ ਰਹਿੰਦੇ ਹੀ ਉਨ੍ਹਾਂ ਲੱਛਣਾਂ ਨੂੰ ਪਹਿਚਾਣ ਕੇ ਉਸ ਦੇ ਹੱਲ ਕੱਢ ਲਏ ਜਾਣ ਤਾਂ ਅਸੀਂ ਉਸ ਬਿਮਾਰੀ ਦੇ ਕਹਿਰ ਤੋਂ ਬਚ ਸਕਦੇ ਹਾਂ ਪਰ ਜੇ ਸਮਾਂ ਰਹਿੰਦੇ ਗੌਰ ਨਾ ਕੀਤੀ ਜਾਵੇ ਤਾਂ ਬਿਮਾਰੀ ਦੇ ਉਲਝਣ ਕਾਰਨ ਇਲਾਜ ਵੀ ਪ੍ਰਭਾਵਿਤ ਹੋ ਸਕਦਾ ਹੈ। ਇਸੇ ਤਰ੍ਹਾਂ ਹੀ ਜੇ ਛੋਟੀ ਉਮਰ ਦੇ ਬੱਚਿਆਂ ਵਿਚ ਦੇਰੀ ਨਾਲ ਬੋਲਣ ਦੀ ਸਮੱਸਿਆ ਦੀ ਗੱਲ ਕੀਤੀ ਜਾਵੇ ਤਾਂ ਆਮ ਜ਼ਿੰਦਗੀ ਵਿਚ ਇਕ ਬੱਚਾ ਆਪਣੇ ਜਨਮ ਤੋਂ ਲਗਭਗ 18 ਮਹੀਨਿਆਂ ਤੱਕ ਇਕਹਰੇ ਸ਼ਬਦਾਂ ਨੂੰ ਬੋਲਣਾ ਅਤੇ ਸਮਝਣਾ ਸ਼ੁਰੂ ਕਰ ਦਿੰਦਾ ਹੈ। ਕਈ ਬੱਚੇ ਇਸ ਸਮੇਂ ਤੋਂ ਕੁਝ ਪਹਿਲਾਂ ਹੀ ਇਕੱਲੇ ਸ਼ਬਦਾਂ ਨੂੰ ਬੋਲਣਾ ਸਿੱਖ ਜਾਂਦੇ ਹਨ। ਪਰ ਕੁਝ ਬੱਚੇ ਅਜਿਹੇ ਹੁੰਦੇ ਹਨ ਜਿਨ੍ਹਾਂ ਵਿਚ 24 ਤੋਂ 36 ਮਹੀਨਿਆਂ ਦਾ ਸਮਾਂ ਲੰਘਣ ਤੋਂ ਬਾਅਦ ਵੀ ਇਕਹਿਰੇ ਸ਼ਬਦਾਂ ਨੂੰ ਬੋਲਣ ਤੇ ਸਮਝਣ ਦੀ ਸਮਰੱਥਾ ਦਾ ਵਿਕਾਸ ਨਹੀਂ ਹੁੰਦਾ। ਇਹ ਇਕ ਵੱਡਾ ਲੱਛਣ ਹੁੰਦਾ ਹੈ ਕਿ ਬੱਚਾ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਪੀੜਤ ਹੋ ਗਿਆ ਹੈ। ਕਈ ਵਾਰ ਬੱਚੇ ਦਾ ਜਨਮ ਤੋਂ ਹੀ ਮੰਦਬੁੱਧੀ ਹੋਣਾ ਵੀ ਵੱਡਾ ਕਾਰਨ ਹੁੰਦਾ ਹੈ। ਦੂਜਾ ਲੱਛਣ ਇਹ ਵੀ ਹੈ ਕਿ ਜੇਕਰ ਬੱਚਾ 24 ਮਹੀਨਿਆਂ ਤੋਂ ਬਾਅਦ ਵੀ ਸਾਡੀ ਗੱਲ ਸੁਣਨ ਤੋਂ ਬਾਅਦ ਸਾਡੇ ਨਾਲ ਸਿੱਧੀਆਂ ਨਜ਼ਰਾਂ ਨਹੀਂ ਮਿਲਾਉਂਦਾ ਜਾਂ ਫਿਰ ਬੋਲਣ ਵਾਲੇ ਵਿਅਕਤੀ ਨੂੰ ਅਣਦੇਖਿਆ ਕਰਦਾ ਹੈ ਅਤੇ ਗੱਲ ਸਮਝਣ ਵਿਚ ਦੇਰੀ ਲਗਾਉਂਦਾ ਹੈ ਤਾਂ ਇਹ ਲੱਛਣ ਦੇਰ ਨਾਲ ਬੋਲਣ ਦੀ ਸਮੱਸਿਆ ਦੀ ਸ਼ੁਰੂਆਤ ਹੁੰਦੇ ਹਨ। ਬਾਕੀ 50 ਪ੍ਰਤੀਸ਼ਤ ਬੱਚੇ ਸਾਡੀਆਂ ਖ਼ੁਦ ਦੀਆਂ ਗ਼ਲਤੀਆਂ ਜਾਂ ਅਣਗਹਿਲੀਆਂ ਕਾਰਨ ਹੀ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਸ਼ਿਕਾਰ ਹੁੰਦੇ ਹਨ। ਅੱਜ ਦੇ ਆਧੁਨਿਕ ਸਮੇਂ ਵਿਚ ਸਭ ਤੋਂ ਵੱਡਾ ਕਾਰਨ ਤਕਨਾਲੋਜੀ ਹੈ ਜਿਸ ਦੀ ਗ਼ਲਤ ਵਰਤੋਂ ਅਤੇ ਲੋੜ ਤੋਂ ਜ਼ਿਆਦਾ ਹੋ ਰਹੀ ਵਰਤੋਂ ਹੀ ਬੱਚਿਆਂ ਵਿਚ ਦੇਰੀ ਨਾਲ ਬੋਲਣ ਦਾ ਕਾਰਨ ਬਣ ਰਹੀ ਹੈ। ਜੇਕਰ ਬੱਚਾ 2-4 ਸਾਲ ਤੱਕ ਬੋਲਣਾ ਸ਼ੁਰੂ ਨਹੀਂ ਕਰਦਾ ਤਾਂ ਅਸੀਂ ਉਸ ਨੂੰ ਦੇਰ ਨਾਲ ਬੋਲਣ ਦੇ ਰੋਗ ਦਾ ਸ਼ਿਕਾਰ ਕਹਾਂਗੇ, ਜਿਸ ਦਾ ਇਲਾਜ ਕਰਾਉਣਾ ਬਹੁਤ ਹੀ ਲਾਜ਼ਮੀ ਹੁੰਦਾ ਹੈ।

ਟੀ.ਵੀ. ਅਤੇ ਮੋਬਾਈਲ ਦੀ ਜ਼ਿਆਦਾ ਵਰਤੋਂ ਕਰਨਾ: ਤਕਨਾਲੋਜੀ ਦੀ ਤਰੱਕੀ ਸਦਕਾ ਹੀ ਅੱਜ ਦੁਨੀਆ ਵਿਚ ਬੱਚੇ ਬੱਚੇ ਦੇ ਹੱਥ ਵਿਚ ਮੋਬਾਈਲ ਫੋਨ ਆ ਗਿਆ ਹੈ। ਮਾਪਿਆਂ ਵਲੋਂ ਵੀ ਅੱਜ ਆਪਣੇ ਬੱਚਿਆਂ ਲਈ ਸਮਾਂ ਨਾ ਕੱਢ ਸਕਣ ਕਾਰਨ ਹੀ ਬੱਚਿਆਂ ਵਲੋਂ ਜ਼ਿਆਦਾ ਸਮਾਂ ਟੀ.ਵੀ. ਦੇਖਣਾ ਜਾਂ ਫਿਰ ਹਰ ਸਮੇਂ ਮੋਬਾਈਲ ਫੋਨ ਦੀ ਵਰਤੋਂ ਕਰ ਕੇ ਟਾਈਮ ਪਾਸ ਕਰਨ ਨੂੰ ਪਹਿਲ ਦਿੱਤੀ ਜਾਂਦੀ ਹੈ ਜੋ ਕਿ ਬੋਲਣ ਦਾ ਵਿਕਾਸ ਦੇਰੀ ਨਾਲ ਹੋਣ ਦਾ ਕਾਰਨ ਬਣ ਰਿਹਾ ਹੈ। ਮਾਪੇ ਆਪਣੀ ਸਹੂਲਤ ਲਈ ਅੱਜ ਛੋਟੇ ਬੱਚਿਆਂ ਦੀ ਸੰਤੁਸ਼ਟੀ ਲਈ ਉਨ੍ਹਾਂ ਨੂੰ ਜ਼ਿਆਦਾ ਸਮਾਂ ਟੀ.ਵੀ. 'ਤੇ ਕਾਰਟੂਨ ਦੇਖਣ ਜਾਂ ਮੋਬਾਈਲ 'ਤੇ ਗੇਮ ਖੇਡਣ ਲਈ ਪ੍ਰੇਰਦੇ ਹਨ ਜਿਸ ਕਾਰਨ ਬੱਚਿਆਂ ਵਿਚ ਆਪਸੀ ਬੋਲਚਾਲ ਦੀ ਸਮਰੱਥਾ ਦਾ ਵਿਕਾਸ ਦੇਰੀ ਨਾਲ ਹੁੰਦਾ ਹੈ। ਬੱਚਾ ਸਿਰਫ ਇਕਤਰਫਾ ਸੰਚਾਰ ਹੀ ਕਰਦਾ ਹੈ ਜਿਸ ਕਾਰਨ ਉਸ ਵਿਚ ਬੋਲਣ ਦੀ ਕਿਰਿਆ ਨਾਲੋਂ ਦੇਖਣ ਦੀ ਕਿਰਿਆ ਦਾ ਜ਼ਿਆਦਾ ਵਿਕਾਸ ਹੁੰਦਾ ਹੈ। ਜ਼ਿਆਦਾ ਟੀ.ਵੀ. ਦੇਖਣ ਨਾਲ ਜਿੱਥੇ ਨਜ਼ਰ 'ਤੇ ਬੁਰਾ ਪ੍ਰਭਾਵ ਪੈਂਦਾ ਹੈ ਨਾਲ ਹੀ ਮੋਬਾਈਲ ਫੋਨ ਦੀ ਜ਼ਿਆਦਾ ਵਰਤੋਂ ਨਾਲ ਸੁਣਨ ਦੀ ਸ਼ਕਤੀ ਉੱਤੇ ਵੀ ਕਾਫ਼ੀ ਅਸਰ ਪੈਂਦਾ ਹੈ ਅੱਜ ਅਜਿਹੇ ਸਾਧਨਾਂ ਦੀ ਲੋੜ ਤੋਂ ਜ਼ਿਆਦਾ ਵਰਤੋਂ ਸਰੀਰਕ ਨੁਕਸਾਨ ਦਾ ਕਾਰਨ ਬਣ ਰਹੀ ਹੈ।

**ਯੋਗ ਵਾਤਾਵਰਨ ਨਾ ਮਿਲਣਾ :** ਇਸ ਤੋਂ ਬਿਨਾਂ ਦੇਰੀ ਨਾਲ ਬੋਲਣ ਦੀ ਸਮੱਸਿਆ ਦਾ ਵੱਡਾ ਕਾਰਨ ਬੱਚੇ ਨੂੰ ਜਨਮ ਤੋਂ ਹੀ ਸਹੀ ਵਾਤਾਵਰਨ ਨਾ ਮਿਲਣਾ ਵੀ ਹੁੰਦਾ ਹੈ। ਕਿਉਂਕਿ ਅੱਜ ਦੇ ਵਿਗਿਆਨਕ ਅਤੇ ਮਹਿੰਗਾਈ ਦੇ ਯੁੱਗ ਵਿਚ ਹਰ ਪਰਿਵਾਰ ਦੇ ਤਕਰੀਬਨ ਸਾਰੇ ਮੈਂਬਰ ਹੀ ਨੌਕਰੀਸ਼ੁਦਾ ਹੁੰਦੇ ਹਨ ਜਿਸ ਕਾਰਨ ਬੱਚੇ ਨੂੰ ਜਨਮ ਤੋਂ ਹੀ ਅਜਿਹਾ ਵਾਤਾਵਰਨ ਮਿਲਦਾ ਹੈ ਜਿਸ ਵਿਚ ਉਸ ਨੂੰ ਸਵੇਰ ਤੋਂ ਸ਼ਾਮ ਤੱਕ ਇਕੱਲੇ ਕਿਸੇ ਘਰ ਦੇ ਵੱਡੇ ਬਜ਼ੁਰਗ ਜਾਂ ਕੰਮ ਵਾਲੀ ਕੋਲ ਹੀ ਰਹਿਣਾ ਪੈਂਦਾ ਹੈ ਜੋ ਕਿ ਬਹੁਤ ਹੀ ਸ਼ਾਂਤ ਮਾਹੌਲ ਹੁੰਦਾ ਹੈ ਜਿਸ ਕਾਰਨ ਬੱਚੇ ਵਿਚ ਬੋਲਣ ਦੀ ਕਿਰਿਆ ਦਾ ਛੇਤੀ ਵਿਕਾਸ ਨਹੀਂ ਹੁੰਦਾ। ਮਾਪਿਆਂ ਦਾ ਬੱਚਿਆਂ ਨਾਲ ਲੋੜ ਮੁਤਾਬਿਕ ਨਾ ਬੋਲਣਾ ਅਤੇ ਰੋਜ਼ਾਨਾ ਦੀ ਜ਼ਿੰਦਗੀ ਵਿਚ ਰੁੱਝੇ ਰਹਿਣਾ ਹੀ ਬੱਚਿਆਂ ਵਿਚ ਬੋਲਚਾਲ ਦੀ ਭਾਸ਼ਾ ਦਾ ਵਿਕਾਸ ਨਾ ਹੋਣ ਦਾ ਵੱਡਾ ਕਾਰਨ ਬਣ ਰਿਹਾ ਹੈ।

**ਮਾਨਸਿਕ ਕਾਰਨ :** ਅੱਜ ਬੱਚਿਆਂ ਵਿਚ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਮਾਨਸਿਕ ਕਾਰਨ ਵੀ ਸਾਹਮਣੇ ਆ ਰਹੇ ਹਨ। ਮਾਪਿਆਂ ਦਾ ਕੰਮਾਂ ਵਿਚ ਰੁੱਝੇ ਰਹਿਣਾ ਅਤੇ ਬੱਚਿਆਂ ਦਾ ਇਕੱਲਾ ਰਹਿਣਾ ਵੀ ਮਾਨਸਿਕ ਰੋਗਾਂ ਦਾ ਕਾਰਨ ਬਣਦਾ ਹੈ, ਕਿਉਂਕਿ ਜਦੋਂ ਬੱਚਿਆਂ ਵਿਚ ਇਕੱਲੇ ਰਹਿਣ ਦੀ ਆਦਤ ਦਾ ਵਿਕਾਸ ਹੋ ਜਾਂਦਾ ਹੈ ਅਤੇ ਫਿਰ ਉਹੀ ਆਦਤ ਅੱਗੇ ਜਾ ਕੇ ਡਿਪਰੈਸ਼ਨ ਦਾ ਕਾਰਨ ਬਣਦੀ ਹੈ ਜਿਸ ਕਾਰਨ ਬੱਚਾ ਚੁੱਪ-ਚੁੱਪ ਰਹਿੰਦਾ ਹੈ, ਆਪਣੇ-ਆਪ ਵਿਚ ਹੀ ਖੋਇਆ ਰਹਿੰਦਾ ਹੈ ਉਸ ਨੂੰ ਕਿਸੇ ਦੀ ਮੌਜੂਦਗੀ ਨਾਲ ਕੋਈ ਲੈਣਾ-ਦੇਣਾ ਨਹੀਂ ਰਹਿੰਦਾ ਉਹ ਤਾਂ ਬਸ ਆਪਣੇ ਕਮਰੇ ਵਿਚ ਟੀ.ਵੀ. ਜਾਂ ਮੋਬਾਈਲ ਵਿਚ ਹੀ ਮਸਤ ਰਹਿੰਦਾ ਹੈ ਅਜਿਹੀ ਸਥਿਤੀ ਵਿਚ ਬੱਚੇ ਦੀ ਮਾਨਸਿਕ ਸਥਿਤੀ 'ਤੇ ਕਾਫ਼ੀ ਬੁਰਾ ਪ੍ਰਭਾਵ ਪੈਂਦਾ ਹੈ ਉਸ ਦਾ ਸਰੀਰਕ ਵਿਕਾਸ ਵੀ ਪ੍ਰਭਾਵਿਤ ਹੁੰਦਾ ਹੈ। ਜੋ ਕਿ ਕਾਫ਼ੀ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ।

**ਸਰੀਰਕ ਬਿਮਾਰੀਆਂ ਵਿਚ ਵਾਧਾ :** ਮਾਪਿਆਂ ਦੀਆਂ ਗ਼ਲਤੀਆਂ ਸਦਕਾ ਅੱਜ ਛੋਟੇ ਬੱਚਿਆਂ ਦੀਆਂ ਸਰੀਰਕ ਬਿਮਾਰੀਆਂ ਵਿਚ ਵੀ ਕਾਫ਼ੀ ਵਾਧਾ ਹੋ ਰਿਹਾ ਹੈ। ਜੇ ਦੋ-ਤਿੰਨ ਦਹਾਕੇ ਪਹਿਲਾਂ ਦੇ ਬੱਚਿਆਂ ਦੀ ਤੁਲਨਾ ਅੱਜ ਦੀ ਪੀੜ੍ਹੀ ਨਾਲ ਕੀਤੀ ਜਾਵੇ ਤਾਂ ਸਾਡੇ ਸਾਹਮਣੇ ਬਹੁਤ ਹੀ ਚਿੰਤਾਜਨਕ ਨਤੀਜੇ ਆਉਂਦੇ ਹਨ। ਉਨ੍ਹਾਂ ਸਮਿਆਂ ਵਿਚ ਤਕਨਾਲੋਜੀ ਦੀ ਘਾਟ, ਬਾਹਰੀ ਵਧੀਆ ਵਾਤਾਵਰਨ ਅਤੇ ਮਾਪਿਆਂ ਦਾ ਹਰ ਸਮੇਂ ਬੱਚਿਆਂ ਨਾਲ ਵਿਚਰਨਾ ਹੀ ਉਨ੍ਹਾਂ ਵਿਚ ਬਿਮਾਰੀਆਂ ਨਾ ਹੋਣ ਦਾ ਇਕ ਵੱਡਾ ਕਾਰਨ ਸੀ। ਪਰ ਅੱਜ ਇਸ ਦੇ ਉਲਟ ਮਾਪਿਆਂ ਦਾ ਬੱਚਿਆਂ ਲਈ ਸਮਾਂ ਨਾ ਕੱਢਣਾ ਅਤੇ ਅਯੋਗ ਵਾਤਾਵਰਨ ਮਿਲਣ ਕਾਰਨ ਹੀ ਬੱਚਿਆਂ ਨੂੰ ਛੋਟੀ ਉਮਰ ਵਿਚ ਹੀ ਕਈ ਤਰ੍ਹਾਂ ਦੇ ਸਰੀਰਕ ਰੋਗ ਜਕੜ ਰਹੇ ਹਨ। ਬੱਚਿਆਂ ਵਿਚ ਅੰਦਰੂਨੀ ਗੇਮਾਂ ਕਾਰਨ ਹਰ ਸਮੇਂ ਟੀ.ਵੀ., ਮੋਬਾਈਲ, ਕੰਪਿਊਟਰ, ਇੰਟਰਨੈਟ ਦੀ ਲਗਾਤਾਰ ਇਕੋ ਸਥਿਤੀ ਵਿਚ ਬੈਠ ਕੇ ਵਰਤੋਂ ਕਰਨ ਨਾਲ ਦੇਸ਼ ਦੇ ਲਗਭਗ 45 ਫ਼ੀਸਦੀ ਬੱਚੇ ਛੋਟੀ ਉਮਰ ਵਿਚ ਹੀ ਮੋਟਾਪੇ ਦਾ ਸ਼ਿਕਾਰ ਹੋ ਰਹੇ ਹਨ। ਮੋਟਾਪਾ ਜੋ ਕਿ ਅੱਗੇ ਜਾ ਕੇ ਸ਼ੂਗਰ ਦਾ ਕਾਰਨ ਵੀ ਬਣ ਜਾਂਦਾ ਹੈ।

**ਵਿਵਹਾਰਕ ਤਬਦੀਲੀ :** ਉਪਰੋਕਤ ਕਾਰਨਾਂ ਕਰਕੇ ਹੀ ਅੱਜ ਦੇ ਸਮੇਂ ਵਿਚ ਛੋਟੀ ਉਮਰ ਦੇ ਬੱਚਿਆਂ ਵਿਚ ਕਈ ਤਰ੍ਹਾਂ ਦੇ ਰੋਗਾਂ ਦਾ ਵਾਧਾ ਹੋ ਰਿਹਾ ਹੈ। ਮਾਪਿਆਂ ਦੀਆਂ ਗ਼ਲਤੀਆਂ ਅਤੇ ਤਕਨਾਲੋਜੀ ਦੀ ਦੁਰਵਰਤੋਂ ਸਦਕਾ ਹੀ ਅੱਜ ਕੁਝ ਪ੍ਰਤੀਸ਼ਤਤਾ ਵਿਚ ਨਿੱਕੀ ਉਮਰੇ ਹੀ ਬੱਚੇ ਔਟੀਜ਼ਮ ਦਾ ਸ਼ਿਕਾਰ ਹੋ ਰਹੇ ਹਨ। ਇਹ ਵਿਹਾਰ ਦੀ ਇਕ ਅਜਿਹੀ ਤਬਦੀਲੀ ਹੁੰਦੀ ਹੈ ਜਿਸ ਵਿਚ ਬੱਚੇ ਸਿਰਫ਼ ਆਪਣੇ ਆਪ ਵਿਚ ਹੀ ਖੋਏ ਰਹਿੰਦੇ ਹਨ। ਬੱਚਾ ਕਿਸੇ ਵੀ ਗੱਲ 'ਤੇ ਜ਼ਿਆਦਾ ਫੋਕਸ ਨਹੀਂ ਕਰ ਪਾਉਂਦਾ। ਉਹ ਹਰ ਗੱਲ ਨੂੰ ਸੁਣਨ ਤੇ ਸਮਝਣ ਵਿਚ ਦੇਰੀ ਲਗਾਉਂਦੇ ਹਨ। ਦੂਜਿਆਂ ਦੀ ਮੌਜੂਦਗੀ ਨੂੰ ਅਣਦੇਖਿਆਂ ਜਾਂ ਅਣਗੌਲਿਆਂ ਕਰਦੇ ਹਨ। ਜ਼ਿਆਦਾਤਰ ਮਾਪੇ ਇਨ੍ਹਾਂ ਲੱਛਣਾਂ ਨੂੰ ਆਮ ਸਮਝ ਕੇ ਬੱਚੇ ਵੱਲ ਬਿਲਕੁਲ ਵੀ ਧਿਆਨ ਨਹੀਂ ਦਿੰਦੇ ਪਰ ਇਸ ਸਮੱਸਿਆ ਨੂੰ ਜੇਕਰ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ ਤਾਂ ਭਵਿੱਖ ਵਿਚ ਇਹ ਸਮੱਸਿਆ ਬੱਚੇ ਦੇ ਸਰੀਰਕ ਤੇ ਮਾਨਸਿਕ ਰੋਗਾਂ ਦਾ ਕਾਰਨ ਵੀ ਬਣਦੀ ਹੈ।

## ਸੁਝਾਅ

ਹੁਣ ਸਮਾਂ ਆ ਗਿਆ ਹੈ ਕਿ ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਬੱਚਿਆਂ ਨੂੰ ਅਜਿਹੀਆਂ ਉੱਭਰ ਰਹੀਆਂ ਸਮੱਸਿਆਵਾਂ ਦੇ ਪ੍ਰਭਾਵਾਂ ਤੋਂ ਬਚਾਇਆ ਜਾਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਨਿਮਨ ਲਿਖੇ ਸੁਝਾਵਾਂ ਨੂੰ ਅਪਣਾਵਾਂਗੇ।

1. ਸਭ ਤੋਂ ਪਹਿਲਾਂ ਅੱਜ ਹਰ ਮਾਪੇ ਵਲੋਂ ਆਪਣੇ ਬੱਚਿਆਂ ਨੂੰ ਮੋਬਾਈਲ ਫੋਨ, ਟੀ.ਵੀ, ਇੰਟਰਨੈਟ ਦੀ ਵਰਤੋਂ ਲਈ ਸਿਰਫ ਨਿਰਧਾਰਤ ਸਮਾਂ ਹੀ ਦਿੱਤਾ ਜਾਵੇ। ਉਦਾਹਰਨ ਦੇ ਤੌਰ 'ਤੇ 2-5 ਤੋਂ ਸਾਲ ਦੇ ਬੱਚਿਆਂ ਲਈ 30-35 ਮਿੰਟ ਪ੍ਰਤੀ ਦਿਨ, 5-10 ਸਾਲ ਦੇ ਬੱਚਿਆਂ ਲਈ 45-50 ਮਿੰਟ ਪ੍ਰਤੀ ਦਿਨ ਅਤੇ 10-18 ਸਾਲ ਦੇ ਬੱਚਿਆਂ ਲਈ 60-90 ਮਿੰਟ ਪ੍ਰਤੀ ਦਿਨ ਦਾ ਸਮਾਂ ਹੀ ਦੇਣਾ ਚਾਹੀਦਾ ਹੈ। 2. ਜੇਕਰ ਮੋਬਾਈਲ ਫੋਨ, ਜਾਂ ਇੰਟਰਨੈਟ ਦੀ ਵਰਤੋਂ ਵੀ ਕਰਨੀ ਹੈ ਤਾਂ ਉਨ੍ਹਾਂ ਵਿਚ ਬੱਚਿਆਂ ਨੂੰ ਕਹਾਣੀਆਂ ਪੜ੍ਹਨ ਅਤੇ ਹੋਰ ਪੜ੍ਹਾਈ ਨਾਲ ਸੰਬੰਧਤ ਸਮੱਗਰੀ ਦੀ ਵਰਤੋਂ ਨੂੰ ਹੀ ਪਹਿਲ ਦਿੱਤੀ ਜਾਵੇ।
3. ਆਪਣੇ ਬੱਚਿਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਬਾਹਰੀ ਖੇਡਾਂ (Out door Games) ਖੇਡਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਜਿਸ ਨਾਲ ਬੱਚਿਆਂ ਦਾ ਸਰੀਰਕ ਵਿਕਾਸ ਸਹੀ ਤਰੀਕੇ ਨਾਲ ਹੁੰਦਾ ਹੈ।
4. ਬੱਚਿਆਂ ਨੂੰ ਯੋਗਾ ਕਰਨ ਅਤੇ ਹੋਰ ਸਰੀਰਕ ਕਸਰਤਾਂ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਜੋ ਕਿ ਸਰੀਰਕ ਤੇ ਮਾਨਸਿਕ ਸਥਿਤੀ ਨੂੰ ਮਜ਼ਬੂਤ ਕਰਦੀਆਂ ਹਨ।
5. ਜ਼ਿਆਦਾ ਛੋਟੀ ਉਮਰ ਦੇ ਬੱਚਿਆਂ ਨਾਲ ਜ਼ਿਆਦਾ ਤੋਂ ਜ਼ਿਆਦਾ ਸਮਾਂ ਗੱਲਾਂ ਕਰਨੀਆਂ ਚਾਹੀਦੀਆਂ ਹਨ ਜੋਕਿ ਉਨ੍ਹਾਂ ਦੀ ਬੋਲਣ ਦੀ ਕਿਰਿਆ ਦੇ ਵਿਕਾਸ ਵਿਚ ਮਦਦਗਾਰ ਸਾਬਤ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਜ਼ਿਆਦਾ ਸਮਾਂ ਬਿਤਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਇਕੱਲੇ ਖੇਡਣ ਤੋਂ ਜ਼ਿਆਦਾ ਬਿਹਤਰ ਹੈ ਸਮਾਂ ਕੱਢ ਕੇ ਉਨ੍ਹਾਂ ਨਾਲ ਆਪ ਖੇਡਣਾ ਚਾਹੀਦਾ ਹੈ।

ਜੇਕਰ ਸਾਰੇ ਮਾਪੇ ਆਪਣੇ ਬੱਚਿਆਂ ਨੂੰ ਤੰਦਰੁਸਤ ਦੇਖਣਾ ਚਾਹੁੰਦੇ ਹਨ ਤਾਂ ਸਭ ਨੂੰ ਉਪਰੋਕਤ ਲਿਖੇ ਬਿਮਾਰੀ ਦੇ ਕਾਰਨਾਂ ਅਤੇ ਲੱਛਣਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜੇਕਰ ਕੋਈ ਬੱਚਾ ਦੇਰੀ ਨਾਲ ਬੋਲਣ ਸੰਬੰਧਤ ਬਿਮਾਰੀ ਦੇ ਲੱਛਣ ਦਰਸਾਉਂਦਾ ਹੈ ਤਾਂ ਉਸ ਨੂੰ ਤਰੁੰਤ ਸਪੀਚ ਥੈਰੇਪੀ ਦੇ ਮਾਹਿਰ ਡਾਕਟਰਾਂ ਦੀ ਸਲਾਹ ਲੈਣੀ ਚਾਹੀਦੀ ਹੈ। ਪਰ ਜੇਕਰ ਹਰ ਮਾਪਾ ਉਪਰੋਕਤ ਦਿੱਤੇ ਸੁਝਾਵਾਂ ਨੂੰ ਅਪਣਾਉਂਦਾ ਹੈ ਤਾਂ ਇਹ ਸੰਭਵ ਹੋ ਸਕਦਾ ਹੈ ਕਿ ਕਿਸੇ ਵੀ ਬੱਚੇ ਨੂੰ ਦੇਰੀ ਨਾਲ ਬੋਲਣ ਦੀ ਸਮੱਸਿਆ ਜਾਂ ਹੋਰ ਮਾਨਸਿਕ ਤੇ ਸਰੀਰਕ ਸਮੱਸਿਆ ਨਾ ਆਵੇ। ਸੋ ਲੋੜ ਹੈ ਅੱਜ ਹਰ ਮਾਪੇ ਨੂੰ ਆਪਣੇ ਬੱਚਿਆਂ ਦੇ ਵਿਕਾਸ ਤੇ ਤੰਦਰੁਸਤੀ ਨੂੰ ਗੰਭੀਰਤਾ ਨਾਲ ਲੈਣ ਦੀ।

# ਮੋਬਾਈਲ 'ਚ ਗੁਆਚਦੀ ਜਾਂਦੀ ਜ਼ਿੰਦਗੀ

ਲਿਖਤ : ਹਰਪ੍ਰੀਤ ਕੌਰ ਸੰਧੂ

ਮੋਬਾਈਲ ਨੇ ਸਾਡੀ ਜ਼ਿੰਦਗੀ ਨੂੰ ਬਹੁਤ ਔਖਾ ਬਣਾ ਦਿੱਤਾ ਹੈ। ਅਸੀਂ ਸਭ ਕੁਝ ਜਲਦੀ ਚਾਹੁੰਦੇ ਹਾਂ। ਪਹਿਲਾਂ ਅਸੀਂ ਕਿਸੇ ਨਾਲ ਗੱਲ ਕਰਨ ਦੀ ਉਡੀਕ ਕਰਦੇ ਸੀ। ਜੇ ਅਸੀਂ ਗੁੱਸੇ ਵਿਚ ਸੀ ਤਾਂ ਜਦੋਂ ਅਸੀਂ ਮਿਲਦੇ ਹਾਂ ਤਾਂ ਗੁੱਸਾ ਖਤਮ ਹੋ ਗਿਆ ਸੀ. ਹੁਣ ਅਸੀਂ ਜੋ ਕੁਝ ਸਾਡੇ ਮੂੰਹੋਂ ਨਿਕਲਦਾ ਹੈ, ਉਸਨੂੰ ਬੁਲਾਉਂਦੇ ਹਾਂ ਅਤੇ ਫੂਕ ਦਿੰਦੇ ਹਾਂ। ਇਸ ਨੇ ਰਿਸ਼ਤੇ ਨੂੰ ਔਖਾ ਬਣਾ ਦਿੱਤਾ ਹੈ। ਜ਼ਰਾ ਕਲਪਨਾ ਕਰੋ ਕਿ ਜੇਕਰ ਇੱਕ ਔਰਤ ਦਾ ਆਪਣੇ ਪਤੀ ਨਾਲ ਝਗੜਾ ਹੁੰਦਾ ਹੈ, ਤਾਂ ਉਹ ਆਂਢ-ਗੁਆਂਢ ਦੇ ਕਿਸੇ ਦੋਸਤ ਨਾਲ ਗੱਲ ਕਰਨ ਲਈ ਸਵੇਰ ਤੱਕ ਇੰਤਜ਼ਾਰ ਕਰਦੀ ਸੀ ਅਤੇ ਉਸਦੇ ਮਾਤਾ-ਪਿਤਾ ਨੂੰ ਮਿਲਣ ਦੀ ਉਡੀਕ ਕਰਦੀ ਸੀ। ਜਦੋਂ ਤੱਕ ਉਸ ਨੂੰ ਇਸ ਬਾਰੇ ਗੱਲ ਕਰਨ ਦਾ ਮੌਕਾ ਮਿਲਿਆ, ਦੋਵੇਂ ਆਮ ਵਾਂਗ ਹੋ ਗਏ ਸਨ।

ਦੂਜਾ ਗੰਭੀਰ ਮੁੱਦਾ ਇਹ ਮੈਸੇਜ ਸਿਸਟਮ ਹੈ। ਅਸੀਂ ਇੱਕ ਵੱਖਰੇ ਮੂਡ ਵਿੱਚ ਕੁਝ ਲਿਖਦੇ ਹਾਂ ਜੋ ਇਸ ਨੂੰ ਪੜ੍ਹਦਾ ਹੈ ਉਹ ਇਸਨੂੰ ਆਪਣੇ ਮੂਡ ਦੇ ਅਨੁਸਾਰ ਸਮਝਦਾ ਹੈ. ਆਪਸੀ ਤਾਲਮੇਲ ਸਪੱਸ਼ਟ ਨਹੀਂ ਹੈ ਅਤੇ ਇਹ ਸਾਡੇ ਸਬੰਧਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਫਿਰ ਗੱਲ ਕਰਦੇ ਸਮੇਂ ਅਸੀਂ ਕਠੋਰ ਸ਼ਬਦਾਂ ਦੀ ਵਰਤੋਂ ਕਰਨ ਤੋਂ ਝਿਜਕਦੇ ਹਾਂ ਪਰ ਲਿਖਦੇ ਸਮੇਂ ਅਸੀਂ ਪ੍ਰਵਾਹ ਨਹੀਂ ਕਰਦੇ ਅਤੇ ਕਈ ਵਾਰ ਬਾਅਦ ਵਿੱਚ ਪਛਤਾਉਂਦੇ ਹਾਂ। ਪਰ ਨੁਕਸਾਨ ਉਦੋਂ ਤੱਕ ਹੋ ਜਾਂਦਾ ਹੈ।

ਤੀਸਰਾ ਮਾਨਸਿਕ ਤੌਰ 'ਤੇ ਅਸੀਂ ਹਮੇਸ਼ਾ ਚਲਦੇ ਰਹਿੰਦੇ ਹਾਂ। ਜਦੋਂ ਅਸੀਂ ਕੁਝ ਬਹੁਤ ਮਹੱਤਵਪੂਰਨ ਕਰਨ ਦੇ ਵਿਚਕਾਰ ਹੁੰਦੇ ਹਾਂ ਤਾਂ ਇੱਕ ਕਾਲ ਮੂਡ ਨੂੰ ਬਦਲ ਦਿੰਦੀ ਹੈ। ਗੜਬੜ ਨੂੰ ਸੰਭਾਲਣ ਲਈ ਬਹੁਤ ਜ਼ਿਆਦਾ ਹੈ।

ਸਮੂਹ ਵਿੱਚ ਬੈਠ ਕੇ ਵੀ ਹਰ ਕੋਈ ਆਪਣੇ ਮੋਬਾਈਲ ਵਿੱਚ ਰੁੱਝਿਆ ਹੋਇਆ ਹੈ। ਫਪਲ ਖਾਸ ਕਰਕੇ ਨੌਜਵਾਨ ਘੱਟ ਹੀ ਗੱਲ ਕਰਦੇ ਹਨ. ਅਸੀਂ ਗੱਲਬਾਤ ਗੁਆ ਰਹੇ ਹਾਂ। ਸਾਡੇ ਪਰਿਵਾਰਕ ਬੰਧਨ ਸਾਡੇ ਸੰਚਾਰ ਕਾਰਨ ਹੀ ਬਹੁਤ ਮਜ਼ਬੂਤ ਸਨ। ਪਰ ਹੁਣ ਹਰ ਕੋਈ ਗੱਲ ਕਰਨ ਦੀ ਬਜਾਏ ਗੱਲਬਾਤ ਵਿੱਚ ਰੁੱਝਿਆ ਹੋਇਆ ਹੈ।

ਮੋਬਾਈਲ ਦੀ ਜ਼ਿਆਦਾ ਵਰਤੋਂ ਨੇ ਸਾਨੂੰ ਮਸ਼ੀਨੀ ਬਣਾ ਦਿੱਤਾ ਹੈ। ਅਸੀਂ ਮਨੁੱਖੀ ਸੰਪਰਕ ਨੂੰ ਗੁਆ ਰਹੇ ਹਾਂ। ਅਸੀਂ ਮੋਬਾਈਲ ਨਾਲ ਸਭ ਕੁਝ ਕਰਦੇ ਹਾਂ ਭਾਵੇਂ ਇਹ ਖਰੀਦਦਾਰੀ ਕਰਨਾ ਜਾਂ ਭੋਜਨ ਆਰਡਰ ਕਰਨਾ। ਅਸੀਂ ਉੱਠਦੇ ਹਾਂ ਅਤੇ ਸਭ ਤੋਂ ਪਹਿਲਾਂ ਆਪਣਾ ਮੋਬਾਈਲ ਚੁੱਕਣਾ ਹੁੰਦਾ ਹੈ। ਸੌਣ ਤੋਂ ਪਹਿਲਾਂ ਆਖਰੀ ਕੰਮ ਅਸੀਂ ਆਪਣੇ ਮੋਬਾਈਲ ਨੂੰ ਚੈੱਕ ਕਰਨਾ ਹੈ।

ਅਸੀਂ ਹੱਥ ਵਿੱਚ ਮੋਬਾਈਲ ਲੈ ਕੇ ਸੈਰ ਕਰਨ ਜਾਂਦੇ ਹਾਂ। ਅਸੀਂ ਇਸਨੂੰ ਕੈਮਰਾ, ਕੈਲਕੁਲੇਟਰ, ਘੜੀ ਅਤੇ ਲਗਭਗ ਹਰ ਚੀਜ਼ ਦੇ ਤੌਰ ਤੇ ਵਰਤਦੇ ਹਾਂ। ਮੋਬਾਈਲ ਨਾਲ ਅਸੀਂ ਸਿਰਫ਼ ਤਸਵੀਰਾਂ ਲੈ ਰਹੇ ਹਾਂ ਅਤੇ ਪਲ ਦਾ ਆਨੰਦ ਨਹੀਂ ਮਾਣ ਰਹੇ ਹਾਂ। ਅਸੀਂ ਸ਼ਮਸ਼ਾਨਘਾਟ ਨੂੰ ਵੀ ਨਹੀਂ ਬਖਸ਼ਦੇ। ਉੱਥੇ ਵੀ ਅਸੀਂ ਲਾਸ਼ ਦੀਆਂ ਤਸਵੀਰਾਂ ਕਲਿੱਕ ਕਰਦੇ ਹਾਂ ਅਤੇ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਦੇ ਹਾਂ।

ਸਾਡੀ ਗੱਲਬਾਤ ਦਾ ਮੁੱਖ ਮੁੱਦਾ ਸੋਸ਼ਲ ਮੀਡੀਆ ਹੈ। ਕਿਸ ਨੇ ਸਾਨੂੰ ਬਲਾਕ ਕੀਤਾ, ਕੌਣ ਸਾਡੀ ਪੋਸਟ ਨੂੰ ਪਸੰਦ ਕਰਦਾ ਹੈ ਇਹ ਸਾਡੀ ਜ਼ਿੰਦਗੀ ਦੇ ਸਭ ਤੋਂ ਮਹੱਤਵਪੂਰਨ ਮੁੱਦੇ ਹਨ।

ਅਸੀਂ ਬਹੁਤ ਕੁਝ ਗੁਆ ਲਿਆ ਹੈ। ਸਾਨੂੰ ਬੱਚਿਆਂ ਲਈ ਦੋਸਤੀ ਬਣਾਉਣ ਲਈ ਚਿਟ ਚੈਟ, ਛੋਟੀਆਂ ਦਲੀਲਾਂ, ਆਂਢ-ਗੁਆਂਢ ਦੀਆਂ ਖੇਡਾਂ ਦੀ ਲੋੜ ਹੈ।

ਸਾਨੂੰ ਸਮਾਜਿਕ ਰਹਿਣ ਲਈ ਮੋਬਾਈਲ ਦੀ ਵਰਤੋਂ ਨੂੰ ਸੀਮਤ ਕਰਨ ਦੀ ਲੋੜ ਹੈ। ਸਾਨੂੰ ਗੱਲਬਾਤ ਨੂੰ ਜ਼ਿੰਦਾ ਰੱਖਣ ਦੀ ਲੋੜ ਹੈ। ਸਾਨੂੰ ਸੰਦੇਸ਼ ਦੇਣ ਦੀ ਬਜਾਏ ਵਿਅਕਤੀਗਤ ਤੌਰ 'ਤੇ ਇੱਕ ਦੂਜੇ ਲਈ ਮੌਜੂਦ ਹੋਣ ਦੀ ਲੋੜ ਹੈ।

ਆਓ ਇਸਨੂੰ ਅਜ਼ਮਾਈਏ।



# ਨਾਰੀ ਸੰਸਾਰ



## ਪਰਿਵਾਰ ਖੁਸ਼ਹਾਲ ਕਿਵੇਂ ਬਣਾਈਏ ?

ਲਿਖਤ : ਬਰਜਿੰਦਰ ਕੌਰ ਬਿਸਰਾਓ
ਸੰਪਰਕ : 99889-01324



ਸਾਡੇ ਸਭਿਆਚਾਰ ਉੱਪਰ ਪੱਛਮੀ ਸੱਭਿਅਤਾ ਦਾ ਰੰਗ ਦਿਨ-ਬ-ਦਿਨ ਗੂੜ੍ਹਾ ਚੜ੍ਹਦਾ ਜਾ ਰਿਹਾ ਹੈ। ਸੰਚਾਰ ਦੇ ਸਾਧਨ ਵਧ ਰਹੇ ਹਨ। ਮੋਬਾਈਲ ਫੋਨਾਂ ਤੇ ਇੰਟਰਨੈੱਟ ਦੀ ਵਰਤੋਂ ਵਧ ਗਈ ਹੈ। ਜਿਸ ਕਰਕੇ ਪਰਿਵਾਰਾਂ ਦੇ ਰਹਿਣ-ਸਹਿਣ ਦੇ ਤੌਰ ਤਰੀਕਿਆਂ ਵਿੱਚ ਵੀ ਨਵੀਨਤਾ ਆ ਰਹੀ ਹੈ। ਇਹਨਾਂ ਗੱਲਾਂ ਦਾ ਅਜੋਕੇ ਭਾਰਤੀ ਪਰਿਵਾਰਿਕ ਜੀਵਨ ਉੱਪਰ ਬੁਰਾ ਅਸਰ ਵੱਧ ਪੈ ਰਿਹਾ ਹੈ ਅਤੇ ਚੰਗਾ ਘੱਟ। ਨਵੀਂ ਪੀੜ੍ਹੀ ਦੇ ਬੱਚਿਆਂ ਦੀਆਂ ਖਾਣ-ਪੀਣ, ਰਹਿਣ-ਸਹਿਣ ਅਤੇ ਪਹਿਰਾਵੇ ਦੀਆਂ ਆਦਤਾਂ ਪੂਰੀ ਤਰ੍ਹਾਂ ਪੱਛਮੀ ਸੱਭਿਅਤਾ ਦੇ ਪ੍ਰਭਾਵ ਹੇਠ ਆ ਗਈਆਂ ਹਨ ਜਦ ਕਿ ਘਰਾਂ ਵਿੱਚ ਬਜ਼ੁਰਗਾਂ ਦੀ ਸੋਚ ਉਹਨਾਂ ਨਾਲ ਮੇਲ ਨਹੀਂ ਖਾਂਦੀ ਜਿਸ ਕਾਰਨ ਕਈ ਘਰਾਂ ਵਿੱਚ ਇਹ ਸਥਿਤੀ ਤਣਾਅ ਦਾ ਮਾਹੌਲ ਪੈਦਾ ਕਰਦੀ ਹੈ। ਇਹੋ ਜਿਹੀ ਸਥਿਤੀ ਵਿੱਚ ਵਿਚਕਾਰਲੀ ਪੀੜ੍ਹੀ ਦਾ ਯੋਗਦਾਨ ਮਹੱਤਵਪੂਰਨ ਹੁੰਦਾ ਹੈ। ਉਹ ਹੀ ਇੱਕ ਜ਼ਰੀਆ ਹੁੰਦਾ ਹੈ ਜੋ ਦੋਵਾਂ ਪੀੜ੍ਹੀਆਂ ਵਿੱਚ ਇੱਕ ਸੁਖਾਵਾਂ ਮਾਹੌਲ ਸਿਰਜਣ ਵਿੱਚ ਸਹਾਈ ਹੋ ਸਕਦੇ ਹਨ। ਉਹ ਵੱਡਿਆਂ ਨੂੰ ਸਤਿਕਾਰ ਸਹਿਤ ਥੋੜ੍ਹਾ ਸੋਚ ਬਦਲਣ ਲਈ ਪ੍ਰੇਰਿਤ ਕਰਨ ਅਤੇ ਛੋਟਿਆਂ ਨੂੰ ਘਰ ਦੀਆਂ ਹੱਦਾਂ ਅਤੇ ਮਰਿਆਦਾ ਤਹਿਤ ਹੀ ਚੱਲਣ ਦੀ ਸਮੇਂ-ਸਮੇਂ ਤੇ ਤਾਕੀਦ ਕਰਦੇ ਰਹਿਣ। ਜੇ ਉਹ ਪੱਖਪਾਤੀ ਰਵੱਈਆ ਅਪਨਾਉਣਗੇ ਤਾਂ ਘਰ ਦੇ ਮਾਹੌਲ ਨੂੰ ਕੋਈ ਬਾਹਰੋਂ ਆ ਕੇ ਠੀਕ ਨਹੀਂ ਕਰ ਸਕਦਾ। ਪਦਾਰਥਵਾਦੀ ਯੁੱਗ ਹੋਣ ਕਰਕੇ ਲੋਕਾਂ ਦੀਆਂ ਖ਼ਵਾਹਿਸ਼ਾਂ ਵੀ ਵਧ ਗਈਆਂ ਹਨ ਜਿਸ ਕਰਕੇ ਉਹਨਾਂ ਦੀਆਂ ਖ਼ਵਾਹਿਸ਼ਾਂ ਨੂੰ ਪੂਰੀਆਂ ਕਰਨ ਲਈ ਇਕੱਲੇ ਮਰਦ ਦੀ ਕਮਾਈ ਨਾਲ ਪੂਰੀ ਨਹੀਂ ਪੈਂਦੀ। ਜਿਸ ਕਰਕੇ ਘਰਾਂ ਵਿੱਚ ਘਰੇਲੂ ਔਰਤਾਂ ਦੇ ਮੁਕਾਬਲੇ ਕੰਮ-ਕਾਜੀ ਔਰਤਾਂ ਦੀ ਗਿਣਤੀ ਵਧ ਰਹੀ ਹੈ। ਜਿਹੜੇ ਘਰਾਂ ਵਿੱਚ ਪਤੀ-ਪਤਨੀ ਦੋਵੇਂ ਨੌਕਰੀ ਪੇਸ਼ਾ ਹੁੰਦੇ ਹਨ ਉਸ ਘਰ ਵਿੱਚ ਸਵੇਰ ਤੋਂ ਲੈਕੇ ਰਾਤ ਨੂੰ ਸੌਣ ਵੇਲੇ ਤੱਕ ਮਾਹੌਲ ਭੱਜ-ਦੌੜ ਵਾਲਾ ਬਣਿਆ ਰਹਿੰਦਾ ਹੈ। ਪਤੀ ਪਤਨੀ ਦਾ ਆਪਸ ਵਿੱਚ ਝਗੜਾ ਰਹਿਣ ਲੱਗ ਪੈਂਦਾ ਹੈ । ਅੱਜ ਕੱਲ੍ਹ ਬਹੁਤੇ ਪਰਿਵਾਰ ਟੁੱਟਣ ਦਾ ਮੁੱਖ ਕਾਰਨ ਹੀ ਔਰਤਾਂ ਦਾ ਸਵੈਨਿਰਭਰ ਹੋਣਾ ਹੈ। ਔਰਤਾਂ ਦਾ ਸਵੈ-ਨਿਰਭਰ ਹੋਣਾ ਚੰਗੀ ਗੱਲ ਹੈ ਪਰ ਆਪਣੇ ਘਰ ਨੂੰ ਸੰਭਾਲ ਕੇ ਰੱਖਣਾ ਉਸ ਤੋਂ ਵੀ ਚੰਗੀ ਗੱਲ ਹੈ ਕਿਉਂਕਿ ਜਦ ਪਰਿਵਾਰ ਟੁੱਟਦੇ ਹਨ ਤਾਂ ਸਭ ਤੋਂ ਵੱਧ ਖਾਮਿਆਜ਼ਾ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ। ਇਹੋ-ਜਿਹੇ ਜੋੜਿਆਂ ਨੂੰ ਬਿਨ੍ਹਾਂ ਕਿਸੇ ਤੀਜੇ ਦੀ ਦਖਲਅੰਦਾਜ਼ੀ ਦੇ ਆਪਸ ਵਿੱਚ ਬੈਠ ਕੇ ਘਰੇਲੂ ਮਸਲੇ ਹਲ ਕਰਕੇ, ਆਪਣਾ ਪਰਿਵਾਰ ਬਚਾ ਕੇ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਉਹ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਰੱਖਣ।ਇਸ ਲਈ ਦੋਵਾਂ ਧਿਰਾਂ ਨੂੰ ਹਉਮੈ ਦਾ ਤਿਆਗ ਕਰਨਾ ਪਵੇਗਾ। ਇੱਕ ਦੂਜੇ ਪ੍ਰਤੀ ਨਫ਼ਰਤ ਤਿਆਗ ਕੇ ਵਫ਼ਾਦਾਰੀ ਨਾਲ ਆਪਣਾ ਪਤੀ-ਪਤਨੀ ਦਾ ਰਿਸ਼ਤਾ ਨਿਭਾਉਣ।ਇਸ ਲਈ ਉਹਨਾਂ ਨੂੰ ਆਪਣੀ ਅੰਤਰ ਆਤਮਾ ਅਤੇ ਸੋਚ ਨੂੰ ਠੋਸ ਬਣਾਉਣਾ ਪਵੇਗਾ।

ਸਾਡੇ ਸਮਾਜ ਵਿੱਚ ਨੂੰਹ-ਸੱਸ ਦੇ ਰਿਸ਼ਤੇ ਨੂੰ ਤਾਂ ਲੋਕ ਬੱਸ ਦੋ ਦੁਸ਼ਮਣਾਂ ਦੇ ਰੂਪ ਵਿੱਚ ਹੀ ਦੇਖਦੇ ਹਨ।ਜਦ ਕਿ ਇਹ ਰਿਸ਼ਤਾ ਸਭ ਤੋਂ ਖੂਬਸੂਰਤ ਰਿਸ਼ਤਾ ਹੁੰਦਾ ਹੈ। ਕਿੰਨੇ ਚਾਵਾਂ ਮਲ੍ਹਾਰਾਂ ਨਾਲ ਇਸ ਰਿਸ਼ਤੇ ਨੂੰ ਜੋੜਿਆ ਜਾਂਦਾ ਹੈ।ਇਸ ਰਿਸ਼ਤੇ ਨੂੰ ਵਿਗਾੜਨ ਵਿੱਚ ਸਮਾਜ ਅਤੇ ਰਿਸ਼ਤੇਦਾਰਾਂ ਦਾ ਬਹੁਤ ਵੱਡਾ ਹੱਥ ਹੁੰਦਾ ਹੈ। ਨੂੰਹ ਕੋਲ ਸੱਸ ਦੀਆਂ ਤੇ ਸੱਸ ਕੋਲ ਨੂੰਹ ਦੀਆਂ ਗੱਲਾਂ ਕਰਕੇ ਕੰਨ ਭਰਨੇ, ਲੜਾਈ ਕਰਵਾਉਣੀ ਅਤੇ ਫਿਰ ਤਮਾਸ਼ਾ ਵੇਖਣਾ ਆਮ ਜਿਹੀ ਗੱਲ ਹੈ। ਲੜਕੀ ਨੂੰ ਵੀ ਉਸ ਘਰ ਨੂੰ ਤੇ ਸਾਰੇ ਜੀਆਂ ਨੂੰ ਆਪਣਾ ਸਮਝ ਕੇ ਹੀ ਨਵੇਂ ਰਿਸ਼ਤਿਆਂ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ। ਲੋਕਾਂ ਤੋਂ ਉਹਨਾਂ ਦੇ ਉਲਟ ਕੁਝ ਵੀ ਨਾ ਸੁਣਨ ਦਾ ਪ੍ਰਣ ਲੈਣਾ ਚਾਹੀਦਾ ਹੈ। ਦੂਜੇ ਪਾਸੇ ਸਹੁਰਿਆਂ ਨੂੰ ਵੀ ਘਰ ਵਿੱਚ ਆਏ ਇਸ ਨਵੇਂ ਜੀਅ ਦੀਆਂ ਲੋੜਾਂ ਦੇ ਨਾਲ ਨਾਲ ਜਜ਼ਬਾਤਾਂ ਅਤੇ ਭਾਵਨਾਵਾਂ ਦਾ ਧਿਆਨ ਰੱਖਿਆ ਜਾਵੇ। ਨਵੇਂ ਜੀਅ ਨੂੰ ਘਰ ਦੇ ਮਾਹੌਲ ਅਨੁਸਾਰ ਢਾਲਣ ਲਈ ਸਹਿਯੋਗ ਦਿੱਤਾ ਜਾਵੇ। ਨੂੰਹ ਕਿਸੇ ਸਹੇਲੀ ਜਾਂ ਭੈਣ ਦੀ ਸੱਸ ਦੀਆਂ ਤਾਰੀਫਾਂ ਅਤੇ ਸੱਸ ਲੋਕਾਂ ਦੀਆਂ ਨੂੰਹਾਂ ਦੀਆਂ ਤਾਰੀਫਾਂ ਕਰਨ ਤੋਂ ਪਰਹੇਜ਼ ਕਰਨ। ਕੰਮ ਨੂੰ ਆਪਸੀ ਸਹਿਯੋਗ ਨਾਲ ਰਲ਼ ਮਿਲ ਕੇ ਕਰ ਲੈਣ ਨਾਲ ਵੀ ਵਿਚਾਰਾਂ ਵਿੱਚ ਵਖਰੇਵਾਂ ਨਹੀਂ ਆ ਸਕਦਾ।

ਮੁੱਕਦੀ ਗੱਲ ਇਹ ਹੈ ਕਿ ਪਰਿਵਾਰ ਦੇ ਜੀਆਂ ਵਿਚਲਾ ਆਪਸੀ ਸਹਿਯੋਗ ਹੀ ਘਰ ਵਿੱਚ ਪਿਆਰ ਦਾ ਮਾਹੌਲ ਪੈਦਾ ਕਰ ਸਕਦਾ ਹੈ। ਪਰਿਵਾਰ ਦੇ ਇੱਕ ਗਰਮ ਸੁਭਾਅ ਵਾਲੇ ਵਿਅਕਤੀ ਨਾਲ ਨਰਮ ਰਵੱਈਆ ਅਪਣਾ ਕੇ, ਘਰ ਅੰਦਰ ਦੇ ਕੰਮਕਾਜ ਅਤੇ ਵੱਡੇ ਛੋਟੇ ਵਾਲੇ ਭੇਦ ਮਿਟਾ ਕੇ ਇੱਕ ਦੂਜੇ ਨੂੰ ਸਹਿਯੋਗ ਦੇਣ ਨਾਲ ਜਿੱਥੇ ਘਰ ਦੇ ਸਾਰੇ ਕੰਮ ਸਹਿਜੇ ਹੀ ਨਿਪਟ ਸਕਦੇ ਹਨ ਤੇ ਨਾਲ ਹੀ ਘਰ ਦਾ ਮਾਹੌਲ ਖੁਸ਼ਨੁਮਾ ਹੋ ਜਾਵੇਗਾ। ਇਹ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਘਰ ਆਪਣਾ ਹੈ , ਪਰਿਵਾਰ ਵੀ ਆਪਣਾ ਹੈ ,ਇਸ ਨੂੰ ਖੁਸ਼ਗਵਾਰ ਬਣਾਉਣਾ ਵੀ ਆਪਣਾ ਹੀ ਫਰਜ਼ ਹੈ। ਸੋ ਕਿਸੇ ਤੀਜੇ ਵਿਅਕਤੀ ਦੀ ਦਖਲਅੰਦਾਜ਼ੀ ਤੋਂ ਪਰਹੇਜ਼ ਕੀਤਾ ਜਾਵੇ ਤਾਂ ਜੋ ਕੋਈ ਹੋਰ ਘਰ ਅੰਦਰ ਦਾ ਤਾਣਾ ਬਾਣਾ ਨਾ ਉਲਝਾ ਦੇਵੇ।ਘਰ ਅਤੇ ਪਰਿਵਾਰ ਨੂੰ ਖੁਸ਼ਹਾਲ ਬਣਾਉਣ ਲਈ ਪਰਿਵਾਰ ਦੇ ਸਾਰੇ ਜੀਆਂ ਨੂੰ ਬਰਾਬਰ ਦਾ ਯੋਗਦਾਨ ਪਾਉਣਾ ਪਵੇਗਾ। ਇਹ ਜ਼ਰੂਰੀ ਨਹੀਂ ਕਿ ਪਰਿਵਾਰ ਦੇ ਸਾਰੇ ਜੀਆਂ ਵਿੱਚ ਨਿਮਰਤਾ, ਮਿਠਾਸ ਤੇ ਸਹਿਨਸ਼ੀਲਤਾ ਵਰਗੇ ਗੁਣ ਹੋਣ ਤਾਂ ਹੀ ਇੱਕ ਚੰਗਾ ਪਰਿਵਾਰ ਬਣ ਸਕਦਾ ਹੈ। ਜਿਵੇਂ ਇੱਕ ਰਸੋਈ ਵਿੱਚ ਖੰਡ ਅਤੇ ਗੁੜ ਦੇ ਨਾਲ ਨਾਲ ਨਮਕ ਮਿਰਚ ਵੀ ਰੱਖੀ ਹੁੰਦੀ ਹੈ ਇਸੇ ਤਰ੍ਹਾਂ ਇੱਕ ਪਰਿਵਾਰ ਵਿੱਚ ਸਭ ਦੇ ਸੁਭਾਅ ਵੀ ਗੁਣ-ਔਗਣ ਦੇ ਮਿਸ਼ਰਣ ਵਾਲੇ ਹੀ ਹੁੰਦੇ ਹਨ।ਇਹ ਵੀ ਜ਼ਰੂਰੀ ਨਹੀਂ ਕਿ ਸਭ ਦੇ ਸੁਭਾਅ ਆਪਸ ਵਿੱਚ ਮੇਲ ਖਾਂਦੇ ਹੋਣ। ਫਿਰ ਵੀ ਜਿਹੜੇ ਪਰਿਵਾਰਾਂ ਦੇ ਜੀਅ ਕੁੜੱਤਣ, ਖਿੱਝੂਪਣ, ਲੜਾਕੂਪਣ, ਪਿਆਰ, ਨਿਮਰਤਾ, ਸਹਿਣਸ਼ੀਲਤਾ ਅਤੇ ਹਮਦਰਦੀ ਵਰਗੇ ਗੁਣ-ਔਗੁਣਾਂ ਦਾ ਆਪਸ ਵਿੱਚ ਤਾਲਮੇਲ ਬਣਾ ਕੇ ਘਰ ਨੂੰ ਹੱਸਦਾ ਵੱਸਦਾ ਰੱਖਦੇ ਹਨ ਉਹ ਹੀ ਇੱਕ ਸਫ਼ਲ ਪਰਿਵਾਰ ਬਣਾ ਸਕਦੇ ਹਨ ।

## ਸਾਂਝਾ ਪਰਿਵਾਰ ਕਿਥੇ ਗੁਆਚ ਗਏ ?

ਲਿਖਤ : ਵਿਜੈ ਗਰਗ



ਇਹ ਪੱਕਾ ਅਤੇ ਕੌੜਾ ਸੱਚ ਹੈ। ਪਰਿਵਰਤਨ ਦਾ ਮਤਲਬ ਹੈ ਸਮਾਂ ਬਦਲਣਾ, ਸਮਾਜ ਬਦਲਣਾ, ਨਿਯਮਾਂ ਅਤੇ ਨਿਯਮਾਂ ਨੂੰ ਬਦਲਣਾ। ਅੱਜ ਜਿਸ ਸਮਾਜ ਵਿੱਚ ਅਸੀਂ ਆਪਣਾ ਜੀਵਨ ਬਤੀਤ ਕਰ ਰਹੇ ਹਾਂ, ਉਸ ਵਿੱਚ ਰਿਸ਼ਤਿਆਂ ਅਤੇ ਪਰਿਵਾਰ ਦੀ ਮਹੱਤਤਾ ਨਾਂਹ ਦੇ ਬਰਾਬਰ ਹੋ ਗਈ ਹੈ। ਮਿਸਾਲ ਦੇ ਤੌਰ 'ਤੇ ਜੇਕਰ ਪਹਿਲਾਂ ਦੇਖਿਆ ਜਾਵੇ ਤਾਂ ਸੰਯੁਕਤ ਪਰਿਵਾਰ ਵਿਚ ਜਦੋਂ ਵੀ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਸੀ ਤਾਂ ਉਸ ਨੂੰ ਸੰਭਾਲਣ ਲਈ ਪੂਰਾ ਪਰਿਵਾਰ ਸਾਂਝੇ ਤੌਰ 'ਤੇ ਜਥੇਬੰਦ ਹੋ ਜਾਂਦਾ ਸੀ। ਦੂਜੇ ਪਾਸੇ ਜੇਕਰ ਅੱਜ ਕਿਸੇ ਨਾਲ ਅਜਿਹਾ ਵਾਪਰਦਾ ਹੈ ਤਾਂ ਸਥਿਤੀ ਵੱਖਰੀ ਹੈ। ਭਾਰਤ ਵਿੱਚ ਵੀ ਬਹੁਤ ਸਾਰੇ ਪਰਿਵਾਰ ਪਰਮਾਣੂ ਰਹਿ ਰਹੇ ਹਨ। ਉਹਨਾਂ ਨਾਲ ਨਜਿੱਠੋਮੁਸ਼ਕਲਾਂ ਉਹਨਾਂ ਨੂੰ ਆਮ ਤੌਰ 'ਤੇ ਆਪਣੇ ਆਪ ਨਾਲ ਨਜਿੱਠਣੀਆਂ ਪੈਂਦੀਆਂ ਹਨ। ਹੋ ਸਕਦਾ ਹੈ ਕਿ ਉਸ ਦਾ ਪਰਿਵਾਰ ਇਕ-ਦੋ ਦਿਨ ਉਸ ਦਾ ਸਾਥ ਦੇਵੇ, ਪਰ ਉਸ ਤੋਂ ਬਾਅਦ ਉਸ ਨੂੰ ਆਪਣੇ ਆਪ ਨੂੰ ਸੰਭਾਲਣਾ ਪੈਂਦਾ ਹੈ। ਇਸ ਦੀ ਸਭ ਤੋਂ ਵੱਡੀ ਉਦਾਹਰਣ ਕੋਰੋਨਾ ਦੌਰ ਦੀ ਹੈ, ਜਿਸ ਵਿੱਚ ਅਣਗਿਣਤ ਪਰਿਵਾਰਾਂ ਨੇ ਮੌਤਾਂ ਦਾ ਸੋਗ ਮਨਾਇਆ ਅਤੇ ਉਨ੍ਹਾਂ ਦਾ ਆਪਣਾ ਪਰਿਵਾਰ ਵੀ ਉਨ੍ਹਾਂ ਨੂੰ ਸੰਭਾਲਣ ਲਈ ਅੱਗੇ ਨਹੀਂ ਆਇਆ। ਕਈ ਪਰਿਵਾਰ ਬਰਬਾਦ ਹੋ ਗਏ ਅਤੇ ਅਣਗਿਣਤ ਬੱਚੇ ਘਰ-ਘਰ ਠੋਕਰ ਖਾਣ ਲਈ ਮਜਬੂਰ ਹੋਏ। ਜਾਪਦਾ ਹੈ ਕਿ ਜੇਕਰ ਇਹ ਮਹਾਂਮਾਰੀ ਉਸ ਸਮੇਂ ਵਾਪਰੀ ਹੁੰਦੀ, ਜਦੋਂ ਸਾਰੇ ਪਰਿਵਾਰ ਸਾਂਝੇ ਤੌਰ 'ਤੇ ਹਰ ਸੁੱਖ-ਦੁੱਖ ਸਾਂਝਾ ਕਰਦੇ ਸਨ ਅਤੇ ਬਰਾਬਰ ਦੀ ਜ਼ਿੰਦਗੀ ਬਤੀਤ ਕਰਦੇ ਸਨ, ਤਾਂ ਸ਼ਾਇਦਇਸ ਦਾ ਬੁਰਾ ਪ੍ਰਭਾਵ ਦੇਖਣ ਨੂੰ ਨਹੀਂ ਮਿਲਦਾ। ਜਿਨ੍ਹਾਂ ਬੱਚਿਆਂ ਨੇ ਠੋਕਰ ਖਾਣੀ ਸੀ, ਉਨ੍ਹਾਂ ਦਾ ਆਸਰਾ ਅਤੇ ਉਨ੍ਹਾਂ ਦੇ ਨੇੜਲਿਆਂ ਦੀ ਸੰਗਤ ਉਨ੍ਹਾਂ ਦੇ ਸਿਰ 'ਤੇ ਰਹਿੰਦੀ ਸੀ। ਖੈਰ ਇਸ ਵਾਰ ਇਸ ਦੇ ਪਿੱਛੇ ਇੱਕ ਡਰ ਸੀ, ਪਰ ਭਾਵਨਾਵਾਂ ਕਿੱਥੇ ਗਈਆਂ ਸਨ? ਅੱਜ ਅਸੀਂ ਜਿਸ ਦੌਰ ਵਿੱਚ ਰਹਿ ਰਹੇ ਹਾਂ, ਉਸ ਸਮੇਂ ਵਿੱਚ ਵਿਆਹ ਦਾ ਅਰਥ ਸੁੰਗੜ ਗਿਆ ਹੈ। ਮਾਮੂਲੀ ਗੱਲ 'ਤੇ ਰਿਸ਼ਤੇ ਟੁੱਟ ਜਾਂਦੇ ਹਨ। ਤਲਾਕ ਦੀਆਂ ਕਈ ਅਰਜ਼ੀਆਂ ਅਦਾਲਤਾਂ ਦੀਆਂ ਫਾਈਲਾਂ ਵਿੱਚ ਦੱਬੀਆਂ ਪਈਆਂ ਹਨ। ਅੱਜ ਸ਼ਾਇਦ ਹੀ ਕੋਈ ਅਜਿਹਾ ਪਰਿਵਾਰ ਹੋਵੇਗਾ, ਜਿਸ ਵਿੱਚ ਘਰ ਦੇ ਬਜ਼ੁਰਗਾਂ ਨੂੰ ਪਹਿਲਾਂ ਵਾਂਗ ਹੀ ਸਤਿਕਾਰ ਦਿੱਤਾ ਜਾਂਦਾ ਹੋਵੇ। ਘਰ ਦੀ ਇੱਜ਼ਤ ਅਤੇ ਇੱਜ਼ਤ ਦੀ ਪਰਿਭਾਸ਼ਾ ਹੀ ਬਦਲ ਗਈ ਹੈਹੈ। ਪਹਿਲਾਂ ਸੰਯੁਕਤ ਪਰਿਵਾਰਾਂ ਵਿੱਚ ਕਮਾਉਣ ਵਾਲਿਆਂ ਦੀ ਗਿਣਤੀ ਘੱਟ ਹੋਣ ਦੇ ਬਾਵਜੂਦ ਘਰ ਦੇ ਸਾਰੇ ਖਰਚੇ ਪੂਰੇ ਹੁੰਦੇ ਸਨ ਅਤੇ ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਆਪਣਾ ਜੀਵਨ ਬਤੀਤ ਕਰਦਾ ਸੀ, ਜਦੋਂ ਕਿ ਅੱਜ-ਕੱਲ੍ਹ ਪਤੀ-ਪਤਨੀ ਵਿੱਚ ਬਰਾਬਰ ਦੀ ਕਮਾਈ ਹੋਣ ਦੇ ਬਾਵਜੂਦ ਘਰ ਦੇ ਖਰਚੇ ਪੂਰੇ ਕਰਨੇ ਔਖੇ ਹਨ। ਘਰ। ਇਹ ਖਤਮ ਹੋ ਗਿਆ ਹੈ ਸ਼ਾਇਦ ਇਸ ਦਾ ਕਾਰਨ ਖਪਤਵਾਦ ਦੀ ਵਧਦੀ ਭੁੱਖ ਹੈ। ਨਹੀਂ ਤਾਂ ਰਹਿਣ ਲਈ ਸਹੂਲਤਾਂ ਦੇ ਪਸਾਰੇ ਦੀ ਕਿੰਨੀ ਲੋੜ ਹੈ? ਦਿਖਾਵੇ ਦੀ ਜ਼ਿੰਦਗੀ ਵਿੱਚ ਬਰਬਾਦ ਹੋਇਆ ਪੈਸਾ ਜ਼ਿੰਦਗੀ ਦੇ ਅਰਥ ਅਤੇ ਸੀਮਾਵਾਂ ਨੂੰ ਬਦਲ ਰਿਹਾ ਹੈ। ਹਰ ਕੋਈ ਇਸ ਗੱਲ ਦਾ ਆਦੀ ਹੋ ਰਿਹਾ ਹੈ ਕਿ ਹੁਣ ਨੇੜੇ-ਤੇੜੇ ਵਾਲਿਆਂ ਨਾਲ ਸਾਂਝ ਘੱਟ ਗਈ ਹੈ, ਦੂਜਿਆਂ ਦੇ ਸਾਹਮਣੇ ਦਿਖਾਵੇ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਹੋਰ ਕਰਨਾ ਹੈ। ਕਿਸੇ ਸਮੇਂ ਬੱਚਿਆਂ ਨੂੰ ਰੋਜ਼ਮਰ੍ਹਾ ਦੀ ਜ਼ਿੰਦਗੀ ਦੇ ਜ਼ਰੂਰੀ ਕੰਮਾਂ ਨੂੰ ਪਿਆਰ ਅਤੇ ਸਿੱਖਿਆ ਨਾਲ ਸਿਖਾਇਆ ਜਾਂਦਾ ਸੀ ਅਤੇ ਉਹ ਉਨ੍ਹਾਂ ਨੂੰ ਪੂਰੇ ਉਤਸ਼ਾਹ ਨਾਲ ਕਰਦੇ ਸਨ, ਜਦੋਂ ਕਿ ਅੱਜ ਕੱਲ੍ਹ ਲੋੜ ਪੈਣ 'ਤੇ ਬੱਚਿਆਂ ਤੋਂ ਪਾਣੀ ਦੇ ਗਿਲਾਸ ਦੀ ਆਸ ਕਰਨੀ ਵੀ ਔਖੀ ਹੈ। ਉਂਜ, ਉਨ੍ਹਾਂ ਦੇ ਮਾਪੇ ਹੀ ਬੱਚਿਆਂ ਨੂੰ ਅਜਿਹਾ ਬਣਾਉਂਦੇ ਹਨ। ਨੌਕਰਸ਼ਾਹੀ ਦੇ ਦੌਰ ਵਿੱਚ ਪਤੀ-ਪਤਨੀ ਦੋਵਾਂ ਨੂੰ ਕੰਮ 'ਤੇ ਜਾਣਾ ਪੈਂਦਾ ਹੈ। ਹੁਣ ਬੱਚੇ ਦੀ ਆਪਣੀ ਕੋਈ ਕੰਪਨੀ ਨਹੀਂ ਹੈ। ਇਸ ਨੂੰ ਸੰਭਾਲਣ ਲਈ ਪੇਸ਼ੇਵਰਾਂ ਨੂੰ ਲਿਆ ਜਾਂਦਾ ਹੈ। ਉਹ ਉੱਥੇ ਕਿੰਨਾ ਕੁ ਪ੍ਰਾਪਤ ਕਰੇਗਾ? ਪਹਿਲਾਂ ਆਪਣੇ ਬਹੁਤ ਨਜ਼ਦੀਕੀ ਲੋਕਾਂ ਅਤੇ ਆਪਣੇ ਬਜ਼ੁਰਗਾਂ ਦੇ ਸਾਹਮਣੇਦੁੱਖ-ਸੁੱਖ ਸਾਂਝੇ ਕਰ ਕੇ ਮਨ ਹਲਕਾ ਹੋ ਜਾਂਦਾ ਸੀ, ਜਦੋਂ ਕਿ ਅੱਜ ਕੱਲ੍ਹ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲੈਣ ਦਾ ਸਮਾਂ ਆ ਗਿਆ ਹੈ, ਜੋ ਕਿਸੇ ਨੂੰ ਥੋੜ੍ਹੀ ਜਿਹੀ ਤਕਲੀਫ਼ ਹੋਣ 'ਤੇ ਵੀ ਮਾਨਸਿਕ ਦਵਾਈਆਂ ਦੇ ਬੋਝ ਹੇਠ ਦੱਬ ਦਿੰਦੇ ਹਨ। ਪਤਾ ਨਹੀਂ ਇਸ ਨਾਲ ਸਮੱਸਿਆ ਕਿਸ ਹੱਦ ਤੱਕ ਖਤਮ ਹੋ ਜਾਂਦੀ ਹੈ ਪਰ ਇਸ ਦੀ ਬਜਾਏ ਦਵਾਈਆਂ ਦੇ ਸਾਈਡ ਇਫੈਕਟ ਕਾਰਨ ਹੋਰ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਲੋਕ ਆਪਣੇ ਨਜ਼ਦੀਕੀ ਦੋਸਤਾਂ ਜਾਂ ਜਿਨ੍ਹਾਂ ਨੂੰ ਉਹ ਪਿਆਰ ਕਰਦੇ ਸਨ, ਪ੍ਰਤੀ ਵਹਿਸ਼ਿਪੁਣਾ ਕਰਨ ਤੋਂ ਝਿਜਕਦੇ ਨਹੀਂ ਸਨ। ਕਿੰਨੀ ਵਧੀ ਹੋਈ ਮਾਨਸਿਕਤਾ ਹੈ! ਤਿਉਹਾਰਾਂ ਦਾ ਰੂਪ ਵੀ ਹੁਣ ਪੂਰੀ ਤਰ੍ਹਾਂ ਬਦਲ ਗਿਆ ਹੈ।ਇਹ ਕੀ ਹੈ? ਇਸ ਵਿੱਚੋਂ ਸਦਭਾਵਨਾ ਅਲੋਪ ਹੋ ਰਹੀ ਹੈ। ਸਮਝ ਨਹੀਂ ਆਉਂਦੀ ਕਿ ਇਹ ਤਬਦੀਲੀ ਕਿਵੇਂ ਹੈ? ਇਨ੍ਹਾਂ ਸਾਰੀਆਂ ਚਿੰਤਾਵਾਂ ਦੇ ਵਿਚਕਾਰ, ਅਜੇ ਵੀ ਲੱਗਦਾ ਹੈ ਕਿ ਬਹੁਤ ਕੁਝ ਬਚਾਇਆ ਜਾ ਸਕਦਾ ਹੈ। ਸ਼ਾਇਦ ਅਸੀਂ ਪਿਛਲੀ ਪੀੜ੍ਹੀ ਹਾਂ ਜਿਨ੍ਹਾਂ ਨੇ ਤਿਉਹਾਰਾਂ ਦੀ ਪਿਆਰੀ ਧੁੰਨ ਅਤੇ ਉਸੇ ਤਿਉਹਾਰਾਂ 'ਤੇ ਸੋਗਮਈ ਚੁੱਪ ਦੇਖੀ ਹੈ। ਜੇਕਰ ਅਸੀਂ ਸਾਂਝੇ ਪਰਿਵਾਰ ਦੀ ਭਾਵਨਾ ਨੂੰ ਕਾਇਮ ਰੱਖਿਆ ਹੈ ਤਾਂ ਅਸੀਂ ਪ੍ਰਮਾਣੂ ਪਰਿਵਾਰ ਦੇ ਖੇਤਰ ਵਿੱਚ ਵੀ ਸੰਘਰਸ਼ ਕਰ ਰਹੇ ਹਾਂ। ਗਰਮੀਆਂ ਦੇ ਮੌਸਮ ਵਿੱਚ ਰਾਤ ਨੂੰ ਪਾਣੀ ਛਿੜਕ ਕੇ ਬਿਸਤਰੇ ਨੂੰ ਠੰਡਾ ਕਰਨ ਦੇ ਨਾਲ-ਨਾਲ ਛੱਤਾਂ ਜਾਂ ਵਿਹੜੇ ਵਿੱਚ ਆਪਣੇ ਪਿਆਰਿਆਂ ਨਾਲ ਬੈਠਣਾ। ਅੱਜ ਅਸੀਂ ਬੰਦ ਕਮਰਿਆਂ ਵਿੱਚ ਕੈਦ ਹਾਂ।ਇਧਰ-ਉਧਰ ਰਿਸ਼ਤੇਦਾਰਾਂ ਦੀ ਜਾਨ ਮਿਲਦੀ ਹੈ। ਹਾਲਾਂਕਿ ਅਜੇ ਵੀ ਸਮਾਂ ਹੈ, ਜੇਕਰ ਕੋਈ ਬਚਾਉਣਾ ਚਾਹੁੰਦਾ ਹੈ। ਹੋ ਸਕਦਾ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਕੁਝ ਪਲ ਮਿਲ ਜਾਣ। ਇਹ ਦੱਸਣਾ ਅਤੇ ਸਮਝਾਉਣਾ ਬਹੁਤ ਜ਼ਰੂਰੀ ਹੈ ਕਿ ਮੋਬਾਈਲ ਸਕਰੀਨ ਵਿੱਚ ਬੰਦ ਜ਼ਿੰਦਗੀ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ। ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ, ਇਹ ਸਮਝਣਾ ਜ਼ਰੂਰੀ ਹੈ ਕਿ ਸੰਵਾਦ ਨੂੰ ਸਮਝਾਉਣ ਅਤੇ ਸਮਝਣ ਦੀ ਕੋਈ ਉਮਰ ਹੁੰਦੀ ਹੈ। ਕਾਸ਼ ਉਹ ਉਮਰ ਜਿਉਂਦੀ ਹੁੰਦੀ!

# ਇਨਸਾਨੀਅਤ ਦੇ ਰਿਸ਼ਤੇ



ਲਿਖਤ
ਨਿਰਮਲ ਸਿੰਘ ਨਿੰਮਾ
99147 21831

ਖੂਨ ਦੇ ਰਿਸ਼ਤਿਆਂ ਤੋਂ ਵੀ ਉੱਪਰ ਇੱਕ ਰਿਸ਼ਤਾ ਹੁੰਦਾ ਹੈ ਤੇ ਉਸ ਰਿਸ਼ਤੇ ਨੂੰ ਇਨਸਾਨੀਅਤ ਦਾ ਰਿਸ਼ਤਾ ਕਿਹਾ ਜਾਂਦਾ ਹੈ.... ਇਨਸਾਨੀਅਤ ਦੇ ਰਿਸ਼ਤੇ ਵਿੱਚ ਬਿਨਾਂ ਕਿਸੇ ਲਾਲਸਾ,ਲਾਲਚ ਤੋਂ ਉੱਪਰ ਉੱਠ ਕੇ ਇੱਕ ਦੂਜੇ ਜਾਂ ਕਿਸੇ ਬੇਗਾਨੇ ਦੀ ਮਦਦ ਕਰਨਾ , ਕਿਸੇ ਲੋੜਵੰਦ ਦੀ ਬਾਂਹ ਫੜਨਾ, ਦੁੱਖ - ਤਕਲੀਫ਼ ਜਾਂ ਬਿਮਾਰੀ ਵੇਲੇ ਆਪਣਿਆਂ ਵਾਂਗ ਜਾਣ ਕੇ ਸੇਵਾ ਕਰਨਾ ਅਹਿਮ ਹੁੰਦਾ ਹੈ.... ਜਦੋਂ ਕਿ ਅੱਜ ਦੇ ਕਲਯੁਗ ਦੇ ਦੌਰ ਵਿੱਚ ਤਾਂ ਖ਼ੂਨ ਦੇ ਰਿਸ਼ਤੇ ਹੀ ਤਾਰ ਤਾਰ ਹੋ ਰਹੇ ਹਨ, ਮਾਂ ਬਾਪ ਦੀ ਸੇਵਾ ਤੋਂ ਪੁੱਤਰ ਪਿੱਛੇ ਹਟਦਾ ਦਿਖਾਈ ਦਿੰਦਾ ਹੈ, ਭਰਾ ਭਰਾ ਦਾ ਵੈਰੀ ਹੋਇਆ ਜਾਪਦਾ ਹੈ....ਤੇ ਹੋਰ ਬਹੁਤ ਕੁੱਝ.... ਸੱਚੀ ਸੇਵਾ ਤਾਂ ਇਨਸਾਨੀਅਤ ਦੇ ਰਿਸ਼ਤੇ ਵਿੱਚ ਹੀ ਝਲਕਦੀ ਦਿਖਾਈ ਦੇ ਰਹੀ ਹੈ.... ਇਨਸਾਨੀਅਤ ਦੇ ਨਾਤੇ ਸੱਚੀ ਸੇਵਾ ਦੀਆਂ ਸੈਂਕੜੇ ਉਦਾਹਰਣਾਂ ਮਿਲ ਜਾਣ ਗੀਆਂ.... ਜ਼ਿਆਦਾ ਦੂਰ ਹੀ ਨਾ ਜਾਓ ..... ਸਮਾਜ ਵਿੱਚ ਵਿਚਰਦੇ ਹੋਏ ਕਈ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇਸ਼ਾਂ ਵਿਦੇਸ਼ਾਂ ਦੀਆਂ ਹੱਦਾਂ ਪਾਰ ਕਰ ਕੇ ਵੀ ਇਨਸਾਨੀਅਤ ਨੂੰ ਮਰਨ ਨਹੀਂ ਦੇ ਰਹੀਆਂ.... ਖਾਲਸਾ ਏਡ, ਯੂਨਾਈਟਡ ਸਿੰਘਜ਼, ਜਹੀਆਂ ਕਈ ਅਜਿਹੀਆਂ ਸੰਸਥਾਵਾਂ ਹਨ ਜੋ ਇਨਸਾਨੀਅਤ ਦੇ ਨਾਤੇ ਕਰ ਭਲਾ ਹੋ ਭਲਾ ਦੇ ਸਿਧਾਂਤ ਤੇ ਕਾਰਜ਼ ਕਰ ਰਹੀਆਂ ਹਨ.... ਇਹਨਾਂ ਸੰਸਥਾਵਾਂ ਦੇ ਸੈਂਕੜੇ ਜਾਂ ਸ਼ਾਇਦ ਲੱਖਾਂ ਹੀ ਲੋਕ ਭਗਤ ਕਬੀਰ ਜੀ ਦੇ ਸ਼ਬਦ ਅਵਲ



**ਅੱਲਾ ਨੂਰ** ਉਪਾਇਆ ਕੁਦਰਤਿ ਕੇ ਸਭ ਬੰਦੇ ਨੂੰ ਆਪਣੇ ਜੀਵਨ ਵਿੱਚ ਧਾਰ ਕੇ ਨੇਕ ਭਲਾਈ ਦੇ ਕੰਮਾਂ ਵਿੱਚ ਰੁੱਝੇ ਹੋਏ ਹਨ... ਇਹਨਾਂ ਲੋਕਾਂ ਸਦਕਾ ਹੀ ਸੰਪੂਰਨ ਲੋਕਾਈ ਨੂੰ ਪਿਆਰ , ਅਪਣੱਤ ਦਾ ਨਿੱਘ ਮਿਲ ਰਿਹਾ ਹੈ... ਜਾਤਾਂ ਪਾਤਾਂ ਦੀ ਬੰਦਿਸ਼ ਤੋਂ ਬਾਹਰ ਆ ਕੇ ਇਹ ਸੰਸਥਾਵਾਂ ਜਗਤ ਦੇ ਭਲੇ ਵਿੱਚ ਲੱਗੀਆਂ ਹੋਈਆਂ ਹਨ .... ਅੱਜ ਦੇ ਯੁੱਗ ਵਿੱਚ ਲੋੜ ਹੈ ਹਰ ਇੱਕ ਇਨਸਾਨ ਨੂੰ ਅਜਿਹੀਆਂ ਸੰਸਥਾਵਾਂ (ਜੋ ਇਨਸਾਨੀਅਤ ਦੇ ਨਾਤੇ ਮਨੁੱਖਤਾ ਦਾ ਧਰਮ ਨਿਰਪੱਖ ਨਿਭਾ ਰਹੀਆਂ ਹਨ) ਨਾਲ ਜੁੜ ਕੇ ਮਨੁੱਖਤਾ ਲਈ ਯਤਨਸ਼ੀਲ ਹੋਣ ਦੀ... ਤਾਂ ਹੀ ਇਨਸਾਨੀਅਤ ਜਿਊਂਦੀ ਰਹਿ ਸਕਦੀ ਹੈ...

# ਸ਼ਬਦਾਂ ਦੀ ਕਰਾਮਾਤ



ਲਿਖਤ
ਬਲਵੀਰ ਕੌਰ
ਰਾਮਗੜ੍ਹ ਸਿਵੀਆਂ

ਮੈਂ ਜਦੋਂ ਵੀ ਆਪਣੀ ਜਮਾਤ ਦੇ ਬੱਚਿਆਂ ਨੂੰ ਪੜਾਉਂਦੀ ਤਾਂ ਮੇਰੀ ਨਜ਼ਰ ਹਮੇਸ਼ਾਂ ਹੀ ਰਵਨੀਤ (ਕਾਲਪਨਿਕ ਨਾਂ) ਤੇ ਜਾ ਪੈਂਦੀ, ਜੋ ਅਕਸਰ ਹੀ ਨੀਂਵੀਂ ਪਾਈ ਸਦਾ ਆਪਣੇ ਚਿਹਰੇ 'ਤੇ ਉਦਾਸੀ ਬਣਾਈ ਰੱਖਦੀ। ਮੈਂ ਮਨ ਹੀ ਮਨ ਉਸ ਦੀ ਮਾਨਸਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਰਹਿੰਦੀ। ਉਹ ਚੌਥੀ ਜਮਾਤ ਦੀ ਵਿਦਿਆਰਥਣ ਸੀ, ਪਰ ਉਹ ਆਪਣੀ ਉਮਰ ਨਾਲੋਂ ਕਿਤੇ ਜ਼ਿਆਦਾ ਸਿਆਣੀ ਸੀ। ਇੱਕ ਦਿਨ ਮੈਂ ਪੰਜਾਬੀ ਦੀ ਜਮਾਤ ਸ਼ੁਰੂ ਕਰਨ ਤੋਂ ਪਹਿਲਾਂ "ਮਮਤਾ" ਨਾਮ ਦੀ ਕਵਿਤਾ ਸੁਣਾਈ। ਕਵਿਤਾ ਸੁਣ ਕੇ ਰਵਨੀਤ ਧਾਹਾਂ ਮਾਰ ਕੇ ਰੋਣ ਲੱਗ ਪਈ। ਮੈਂ ਉਸ ਨੂੰ ਕਲਾਵੇ 'ਚ ਲੈ ਕੇ ਪਿਆਰ ਨਾਲ ਉਸ ਦੇ ਰੋਣ ਦਾ ਕਾਰਨ ਪੁੱਛਿਆ, ਤਾਂ ਸੁਣ ਕੇ ਮੇਰਾ ਵੀ ਗੱਚ ਭਰ ਆਇਆ।

ਰਵਨੀਤ ਨੇ ਦੱਸਿਆ ਕਿ ਉਸ ਦੀ ਮਾਂ ਮਰ ਚੁੱਕੀ ਹੈ, ਤੇ ਉਸ ਦੇ ਪਾਪਾ ਨੇ ਦੂਸਰਾ ਵਿਆਹ ਕਰਵਾ ਲਿਆ। ਘਰ 'ਚ ਉਹ ਆਪਣੀ ਮਤਰੇਈ ਮਾਂ ਅਤੇ ਪਾਪਾ ਨਾਲ ਰਹਿੰਦੀ ਹੈ। ਉਸ ਨੇ ਦੱਸਿਆ ਕਿ ਉਸ ਦੀ ਮਤਰੇਈ ਮਾਂ ਉਸ ਤੋਂ ਘਰ ਦਾ ਸਾਰਾ ਕੰਮ ਕਰਵਾਉਂਦੀ ਹੈ। ਜਿਸ ਕਰਕੇ ਸਕੂਲ ਦਾ ਕੰਮ ਕਰਨ ਲਈ ਸਮਾਂ ਬਹੁਤ ਘੱਟ ਹੁੰਦਾ ਹੈ। ਰਵਨੀਤ ਦੱਸਦੀ ਹੈ ਕਿ ਮੈਨੂੰ ਆਪਣੀ ਮਾਂ ਬਹੁਤ ਯਾਦ ਆਉਂਦੀ ਹੈ। ਉਹ ਇਹ ਸਭ ਦੱਸਦੇ ਸਮੇਂ ਵਿੱਚ-ਵਿੱਚ ਹਟਕੋਰੇ ਲੈ ਕੇ ਰੋ ਵੀ ਰਹੀ ਸੀ। ਮੈਂ ਪਿਆਰ ਅਤੇ ਠਰ੍ਹੰਮੇ ਨਾਲ ਉਸ ਨੂੰ ਚੁੱਪ ਕਰਾਉਂਦਿਆਂ ਨਿੱਕੀਆ-ਨਿੱਕੀਆਂ ਕਹਾਣੀਆਂ ਸੁਣਾਈਆਂ। ਰਵਨੀਤ ਨੇ ਬੜੇ ਗੌਰ ਨਾਲ ਮੇਰੀਆਂ ਗੱਲਾਂ ਸੁਣਦਿਆਂ ਕਿਹਾ , "ਮੈਡਮ ਜੀ ਮੈਂ ਵੀ ਕਹਾਣੀ/ਕਵਿਤਾ ਲਿਖ ਸਕਦੀ ਹਾਂ। ਮੈਂ ਉਸ ਦੇ ਸਿਰ 'ਤੇ ਹੱਥ ਫੇਰਦੀਆਂ ਕਿਹਾ- ਹਾਂ ਜੀ ਬੇਟਾ ਤੁਸੀਂ ਵੀ ਲਿਖ ਸਕਦੇ ਹੋ। ਮੈਂ ਉਸ ਨੂੰ ਲਿਖਣ ਵੱਲ ਪ੍ਰੇਰਿਤ ਕਰਦਿਆਂ ਕਿਹਾ ਇਸ ਤਰ੍ਹਾਂ ਕਰਨ ਨਾਲ ਤੇਰਾ ਮਨ ਵੀ ਖ਼ੁਸ਼ ਰਹਿਣ ਲੱਗ ਜਾਵੇਗਾ ਤੇ ਫਿਰ ਤੂੰ ਮੇਰੇ ਵਾਂਗ ਹੀ ਸਕੂਲ ਅਤੇ ਸਟੇਜ ਤੇ ਵੀ ਸੁਣਾਇਆ ਕਰੇਂਗੀ।

ਉਸ ਨੇ ਮੇਰੀ ਗੱਲ ਨੂੰ ਐਨੀ ਸੰਜ਼ੀਦਗੀ ਨਾਲ ਲਿਆ ਤੇ ਥੋੜੇ ਹੀ ਦਿਨਾਂ ਵਿੱਚ ਰਚਨਾਵਾਂ ਮੈਨੂੰ ਲਿਖ ਕੇ ਦਿਖਾਈਆਂ ਤੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਫ਼ੇਰ ਮੈਂ ਪੜ੍ਹਾਈ ਦੇ ਨਾਲ-ਨਾਲ ਗਾਉਣ ਲਈ ਵੀ ਪ੍ਰੇਰਨਾ ਸ਼ੁਰੂ ਕੀਤਾ ਤਾਂ ਉਸਨੇ ਇਸ ਕੰਮ 'ਚ ਵੀ ਜਲਦੀ ਪਕੜ ਬਣਾ ਲਈ। ਮੇਰੀ ਆਸ ਨੂੰ ਬੂਰ ਪੈਂਦਾ ਦੇਖ ਕੇ ਮੇਰਾ ਵੀ ਮਨ ਖ਼ੁਸ਼ ਹੋਣ ਲੱਗਾ।

ਇੱਕ ਦਿਨ ਅਧਿਆਪਕ -ਮਾਪੇ ਮਿਲਣੀ ਵਿੱਚ ਰਵਨੀਤ ਦੀ ਮਤਰੇਈ ਮਾਂ ਸਾਡੇ ਸਕੂਲ ਆਈ ਤਾ ਮੈਂ ਮੌਕਾ ਸਾਂਭਦਿਆਂ ਉਹਨਾਂ ਨੂੰ ਆਪਣੇ ਕੋਲ ਬਿਠਾ ਲਿਆ। ਸਰਸਰੀ ਗੱਲਾਂ ਤੋਂ ਬਾਅਦ ਮੈਂ ਅਸਲੀ ਵਿਸ਼ੇ ਵੱਲ ਮੁੜਦਿਆਂ ਉਸਦੇ ਨਾਲ ਰਵਨੀਤ ਬਾਰੇ ਗੱਲਾਂ ਕਰਨ ਲੱਗੀ। ਮੈਂ ਉਸ ਨੂੰ ਕਿਹਾ ਕਿ ਰਵਨੀਤ ਬਹੁਤ ਸਿਆਣੀ ਤੇ ਹੁਸ਼ਿਆਰ ਬੱਚੀ ਹੈ। ਜੋ ਕਿ ਸਾਡੇ ਕੋਲ ਤੁਹਾਡੀ ਬਹੁਤ ਸਿਫ਼ਤ ਕਰਦੀ ਹੈ, ਤੇ ਦੱਸਦੀ ਹੈ ਕਿ ਤੁਸੀਂ ਉਸ ਨੂੰ ਬਹੁਤ ਪਿਆਰ ਕਰਦੇ ਹੋ, ਨਾਲ ਹੀ ਉਸ ਦੇ ਕੋਲੋਂ ਘਰ ਦਾ ਕੰਮ ਵੀ ਨਹੀਂ ਕਰਵਾਉਂਦੇ। ਜਿਸ ਨਾਲ ਉਸ ਨੂੰ ਪੜ੍ਹਨ ਲਿਖਣ ਲਈ ਪੂਰਾ ਸਮਾਂ ਮਿਲ ਜਾਂਦਾ ਹੈ। ਉਹ ਮੇਰੀਆਂ ਗੱਲਾਂ ਦਾ ਹਾਂ-ਹੂੰ 'ਚ ਜਵਾਬ ਦੇਣ ਵੇਲੇ ਜਾਣੀਂ ਹੈਰਾਨ ਜਿਹੀ ਦਿਖਾਈ ਦੇ ਰਹੀ ਸੀ। ਮੈਂ ਮੌਕਾ ਮਿਲਿਆ ਹੋਣ ਕਰਕੇ ਇਹ ਵੀ ਦੱਸ ਦਿੱਤਾ ਕਿ ਰਵਨੀਤ ਹੁਣ ਲਿਖਣਾ -ਗਾਉਣਾ ਵੀ ਸਿੱਖ ਗਈ ਹੈ। ਮੈਂ ਬੜੇ ਆਦਰ ਤੇ ਸਤਿਕਾਰ ਨਾਲ ਰਵਨੀਤ ਦੀ ਮਤਰੇਈ ਮਾਂ ਨੂੰ ਭਰੋਸੇ ' ਚ ਲੈਂਦਿਆਂ ਕਿਹਾ, " ਭੈਣ ਮੇਰੀਏ, ਇਹ ਬੱਚੀ ਤੁਹਾਡਾ ਨਾਮ ਰੌਸ਼ਨ ਕਰੇਗੀ। ਬਸ ਇਸੇ ਤਰ੍ਹਾਂ ਹੀ ਇਸ ਨੂੰ ਮਾਂ ਵਾਲਾ ਪਿਆਰ ਦਿੰਦੇ ਰਹਿਣਾ।

ਦੂਜੇ ਦਿਨ ਰਵਨੀਤ ਜਦੋਂ ਸਕੂਲ ਆਈ ਤਾਂ ਉਹ ਬਹੁਤ ਖ਼ੁਸ਼ ਨਜ਼ਰ ਆ ਰਹੀ ਸੀ। ਮੇਰੇ ਪੁੱਛਣ' ਤੇ ਉਸ ਨੇ ਦੱਸਿਆ ਕਿ ਕੱਲ੍ਹ ਸਕੂਲੋਂ ਜਾਂਦਿਆਂ ਹੀ ਉਸ ਨੂੰ ਮਾਂ ਨੇ ਬੁੱਕਲ ' ਚ ਲੈ ਕੇ ਬਹੁਤ ਪਿਆਰ ਕੀਤਾ ਤੇ ਉਸ ਨੂੰ ਘਰ ਦੇ ਕੰਮ ਵੀ ਨਹੀਂ ਲਾਇਆ। ਬਸ ਸਕੂਲ ਦਾ ਕੰਮ ਕਰਨ ਲਈ ਹੀ ਕਿਹਾ। ਰਵਨੀਤ ਨੇ ਦੱਸਿਆ ਕਿ ਅੱਜ ਉਸ ਦੇ ਪਾਪਾ ਉਸ ਦੇ ਲਈ ਸੋਹਣਾ ਜਿਹਾ ਸੂਟ ਵੀ ਲੈ ਕੇ ਆਉਣਗੇ।

ਮੇਰੀ "ਸ਼ਬਦਾਂ ਦੀ ਕਰਾਮਾਤ" 'ਤੇ ਫ਼ਖ਼ਰ ਮਹਿਸੂਸ ਕਰਦਿਆਂ ਮੇਰੀਆਂ ਅੱਖਾਂ 'ਚੋਂ ਆਪ ਮੁਹਾਰੇ ਹੀ ਦੋ ਹੰਝੂ ਮੇਰੀ ਝੋਲ਼ੀ ਵਿੱਚ ਡਿੱਗ ਪਏ।

# ਡਰ ਤੋਂ ਮੁਕਤੀ



ਲਿਖਤ
ਅਵਤਾਰ ਨਿਊਜ਼ੀਲੈਂਡ
006421392147

ਡਰ ਮਨੁੱਖੀ ਆਗਿਆਨਤਾ ਵਿੱਚੋਂ ਪੈਦਾ ਹੁੰਦਾ ਹੈ । ਭਾਵ ਮਨੁੱਖ ਨੂੰ ਜਿਨ੍ਹਾਂ ਵਰਤਾਰਿਆਂ ਜਾਂ ਘਟਨਾਵਾਂ ਦੀ ਸਮਝ ਨਹੀਂ ਲਗਦੀ ਉਹ ਉਨ੍ਹਾਂ ਨੂੰ ਦੇਖ ਕੇ ਜਾਂ ਸੋਚ ਕੇ ਡਰਦਾ ਹੈ ਲ ਇਹੀ ਡਰ ਮਨੁੱਖ ਨੂੰ ਬੁਜਦਿਲ ਬਣਾਉਂਦਾ ਹੈ । ਚਲਾਕ ਲੋਕ ਮਨੁੱਖ ਦੀ ਇਸ ਬੁਜਦਿਲੀ ਦਾ ਲਗਾਤਾਰ ਫਾਇਦਾ ਉਠਾਉਂਦੇ ਹਨ ਅਤੇ ਸਾਰੀ ਉਮਰ ਉਸ ਦੀ ਸਰੀਰਕ ਅਤੇ ਆਰਥਿਕ ਲੁੱਟ ਕਰਦੇ ਹਨ ਲ ਮਨੁੱਖ ਨੂੰ ਮਰਨ ਤੋਂ ਬਾਦ ਸਵਰਗ ਵਿੱਚ ਜਾਣ ਦਾ ਲਾਰਾ ਲਗਾਇਆ ਜਾਂਦਾ ਹੈ । ਇਸੇ ਸਵਰਗ ਦੀ ਆਸ ਵਿੱਚ ਮਨੁੱਖ ਆਪਣਾ ਸਾਰਾ ਜੀਵਨ ਨਰਕ ਵਿੱਚ ਕੱਢ ਦਿੰਦਾ ਹੈ ।

ਇਹੀ ਵਰਤਾਰਾ ਮਨੁੱਖ ਨੂੰ ਮਾਨਸਿਕ ਰੋਗੀ ਬਣਾਉਂਦਾ ਹੈ। ਮਾਨਸਿਕ ਰੋਗੀ ਦੂਜੇ ਰੋਗੀਆਂ ਦੇ ਮੁਕਾਬਲੇ ਬਿਲਕੁੱਲ ਵੱਖਰਾ ਹੁੰਦਾ ਹੈ । ਸਾਰੀਆਂ ਦੂਸਰੀਆਂ ਬਿਮਾਰੀਆਂ ਦੇ ਰੋਗੀ ਆਪ ਮੂੰਹੋਂ ਬੋਲ ਕੇ ਕਹਿੰਦੇ ਹਨ ਕਿ ਸਾਨੂੰ ਆਹ ਬਿਮਾਰੀ ਹੈ ਅਤੇ ਉਹ ਬਹੁਤੀਆਂ ਹਾਲਤਾਂ ਵਿੱਚ ਡਾਕਟਰਾਂ ਕੋਲ ਇਲਾਜ ਲਈ ਵੀ ਖੁਦ ਹੀ ਚਲੇ ਜਾਂਦੇ ਹਨ ।

ਮਾਨਸਿਕ ਰੋਗੀਆਂ ਵਿੱਚ ਬਿਲਕੁਲ ਉਲਟ ਹੁੰਦਾ ਹੈ । ਮਾਨਸਿਕ ਰੋਗੀ ਕਦੇ ਵੀ ਨਹੀਂ ਕਹਿੰਦਾ ਕਿ ਮੈਂ ਮਾਨਸਿਕ ਰੋਗੀ ਹਾਂ ਪਰ ਦੂਸਰਿਆਂ ਨੂੰ ਹੀ ਉਸ ਦੇ ਰੋਗ ਦਾ ਪਤਾ ਲਗਦਾ ਹੈ । ਜੇਕਰ ਕੋਈ ਹੋਰ ਵਿਅਕਤੀ ਮਰੀਜ਼ ਨੂੰ ਕਹੇ ਕਿ ਤੈਨੂੰ ਇਹ ਮਾਨਸਿਕ ਰੋਗ ਹੈ ਤਾਂ ਉਲਟਾ ਮਾਨਸਿਕ ਰੋਗੀ ਨੂੰ ਲਗਦਾ ਹੈ ਕਿ ਕਹਿਣ ਵਾਲਾ ਹੀ ਰੋਗੀ ਹੈ । ਬਹੁਤੀਆਂ ਹਾਲਤਾਂ ਵਿੱਚ ਮਾਨਸਿਕ ਰੋਗੀ ਗਾਲ੍ਹਾਂ ਕੱਢਣ ਤੱਕ ਵੀ ਜਾਂਦੇ ਹਨ । ਮਾਨਸਿਕ ਰੋਗੀ ਡਾਕਟਰ ਕੋਲ ਖੁਦ ਵੀ ਨਹੀਂ ਜਾਂਦੇ ਅਤੇ ਆਪਣੀ ਹਾਲਤ ਵੀ ਬਿਆਨ ਨਹੀਂ ਕਰ ਸਕਦੇ ।

ਕਈ ਵਾਰ ਪੂਰੇ ਸਮਾਜ ਵਿੱਚੋਂ ਵੱਡੀ ਗਿਣਤੀ ਡਰ ਕਾਰਨ ਮਾਨਸਿਕ ਰੋਗ ਦੀ ਸ਼ਿਕਾਰ ਹੋ ਜਾਂਦੀ ਹੈ । ਉਸ ਹਾਲਤ ਵਿੱਚ ਮਰੀਜ਼ ਨੂੰ ਕਹਿਣ ਵਾਲਾ ਹੀ ਕੋਈ ਵਿਰਲਾ ਹੁੰਦਾ ਹੈ ਕਿ ਤੈਨੂੰ ਮਾਨਸਿਕ ਰੋਗ ਹੈ । ਜੇਕਰ ਕੋਈ ਮਾਨਸਿਕ ਰੋਗ ਬਾਰੇ ਦੱਸ ਹੀ ਦੇਵੇ ਤਾਂ ਸਮਾਜ ਦੀ ਵੱਡੀ ਗਿਣਤੀ ਉਸ ਵਿਅਕਤੀ ਦੇ ਪਿੱਛੇ ਪੈ ਜਾਂਦੀ ਹੈ ।

ਰੱਬ ਦੀ ਹੋਂਦ ਨੂੰ ਲੈ ਕੇ ਵੀ ਇੰਝ ਹੀ ਹੁੰਦਾ ਹੈ । ਮਨੁੱਖ ਡਰ ਦੀ ਵਜ੍ਹਾ ਕਾਰਨ ਰੱਬ ਦੀ ਹੋਂਦ ਨੂੰ ਮੰਨਦਾ ਹੈ ਅਤੇ ਉਸ ਦੀ ਕਰੋਪੀ ਤੋਂ ਬਚਣ ਲਈ ਸਾਰੀ ਉਮਰ ਰੱਬ ਦੀ ਪੂਜਾ ਕਰਦਾ ਹੈ ਅਤੇ ਪੁਜਾਰੀ ਵਰਗ ਉਸ ਦੀ ਲੁੱਟ ਕਰਦਾ ਹੈ ।

ਹੁਣ ਜੇਕਰ ਮਨੁੱਖ ਆਪਣੇ ਆਪ ਨੂੰ ਹਰ ਤਰਾਂ ਦੇ ਡਰ ਤੋਂ ਮੁਕਤ ਕਰ ਲਵੇ ਤਾਂ ਅਖੌਤੀ ਰੱਬ ਤੋਂ ਉਹ ਆਪਣੇ ਆਪ ਡਰਨਾ ਬੰਦ ਕਰ ਦੇਵੇਗਾ ਅਤੇ ਸਾਰੀ ਉਮਰ ਆਪਣੀ ਲੁੱਟ ਤੋਂ ਬਚੇਗਾ ।

ਇਸ ਕਰਕੇ ਆਪਣੀ ਆਗਿਆਨਤਾ ਵਿੱਚੋਂ ਪੈਦਾ ਹੋਏ ਡਰ ਤੋਂ ਬਚਣਾ ਚਾਹੀਦਾ ਹੈ । ਹਰ ਘਟਨਾ ਪਿੱਛੇ ਛਿਪੇ ਕਾਰਨਾਂ ਨੂੰ ਲੱਭਣਾ ਚਾਹੀਦਾ ਹੈ । ਕਿਸੇ ਵਰਤਾਰੇ ਤੋਂ ਡਰਨਾ ਨਹੀਂ ਚਾਹੀਦਾ ਬਲਕਿ ਉਸ ਵਰਤਾਰੇ ਦੀ ਅਸਲੀਅਤ ਜਾਣਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਆਪਣੀ ਇਸ ਬਦਲੀ ਹੋਈ ਸੋਚ ਨਾਲ ਵਿਅਕਤੀ ਆਪਣੀਆਂ ਆਉਣ ਵਾਲੀਆਂ ਨਸਲਾਂ ਦੀ ਪੁਜਾਰੀਆਂ ਹੱਥੋਂ ਹੁੰਦੀ ਲੁੱਟ ਨੂੰ ਪੱਕੇ ਤੌਰ ਤੇ ਰੋਕ ਸਕਦਾ ਹੈ ਜਿਸ ਤੇ ਉਸ ਨੂੰ ਅਤੇ ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾਂ ਮਾਣ ਰਹੇਗਾ ।

# ਨਾ ਤਾਂ ਚਿੜੀਆਂ ਵਰਗੀਆਂ ਚਿੜੀਆਂ ਨੇ...



ਲਿਖਤ
ਨਿਰਲੇਪ ਕੌਰ ਸੇਖੋਂ

ਭੁਲੇਖੇ ਨਾਲ ਦਰਵਾਜਾ ਖੁੱਲਾ ਰਹਿ ਗਿਆ, ਚਿੜੀ ਅੰਦਰ ਵੜ ਗਈ, ਦਾਦੀ ਦਰਵਾਜਾ ਬੰਦ ਕਰਕੇ ਨੀਚੇ ਚਲੀ ਗਈ । ਅੰਦਰ ਚਿੜੀ ਨੇ ਚੀਂ-ਚੀਂ ਕਰਕੇ ਸ਼ੀਸ਼ੇ ਦੀਆਂ ਬਾਰੀਆਂ ਨੇੜੇ ਰੌਲਾ ਪਾ ਰੱਖਿਆ ਸੀ । ਬਾਹਰਲੇ ਪਾਸੇ ਨਿੰਦਰ ਕੁਰਸੀ ਤੇ ਬੈਠੀ ਆਈ ਲੈੱਟਸ ਦੀ ਤਿਆਰੀ ਕਰ ਰਹੀ ਸੀ । ਨਿੰਦਰ ਨੇ ਦੇਖਿਆ, ਜਿਵੇਂ ਚਿੜੀ ਨਿੰਦਰ ਅੱਗੇ ਵਾਸਤਾ ਪਾ ਰਹੀ ਹੋਵੇ, "ਮੈਨੂੰ ਵੀ ਆਜ਼ਾਦ ਕਰ ਦਿਓ, ਮੈਂ ਬੜੀ ਕਸੂਤੀ ਫਸ ਗਈ, ਮੇਰਾ ਤਾਂ ਨਿੰਦਰ ਭੈਣ... ਸਾਹ ਘੁਟ ਰਿਹਾ ਹੈ..... ਛੇਤੀ! ਮੈਨੂੰ ਬਾਹਰ ਕੱਢ ਲੈ...।" ਨਿੰਦਰ ਨੇ ਭੱਜ ਕੇ ਦਰਵਾਜਾ ਖੋਲਿਆ ਅਤੇ ਚਿੜੀ ਫੁਰਰ ਕਰਕੇ ਬਾਹਰ ਉੱਡ ਗਈ।

ਫੁਰਰ.... ਆਵਾਜ ਦੀ, ਵਿੜਕ ਸੁਣਕੇ ਦਾਦੀ ਬੋਲੀ, "ਓ ਪੁੱਤ! ਨਿੰਦਰ... ਉੱਪਰ ਕੀ ਕਰ ਰਹੀ ਐਂ?"
ਕੋਈ ਜਵਾਬ ਨਾ ਆਉਣ ਤੇ ਦਾਦੀ ਨੇ ਨਿੰਦਰ ਨੂੰ ਫਿਰ ਆਵਾਜ ਮਾਰੀ "ਨਿੰਦਰ...ਓ ਪੁੱਤ, ਨਿੰਦਰ... ।"

"ਆਈ ਦਾਦੀ, ਮੈਂ ਚਿੜੀ ਨੂੰ ਬਾਹਰ ਕੱਢ ਰਹੀ ਸੀ, ਚਿੜੀ ਨੇ ਬੜਾ ਰੌਲਾ ਪਾਇਆ ਹੋਇਆ ਸੀ। ਉਹਦੀ ਜਾਨ ਨੂੰ ਬਣੀ ਪਈ ਸੀ, ਦਰਵਾਜਾ ਖੋਲਣ ਤੇ ਉਹ ਗਈ ਫੁਰਰ... ਫੁਰਰ..., ਤੇ ਏਧਰੋਂ ਤੇਰੀ ਕੁਰਰ... ਕੁਰਰ...।" ਨਿੰਦਰ ਨੇ ਤਲਖੀ ਨਾਲ ਜਵਾਬ ਦਿੱਤਾ ।

"ਨਾ ਤਾਂ ਚਿੜੀਆਂ ਵਰਗੀਆਂ ਚਿੜੀਆਂ ਨੇ.... ਨਾ ਹੀ ਉਹ ਕੁੜੀਆਂ ਵਰਗੀਆਂ ਕੁੜੀਆਂ ਨੇ ।" ਦਾਦੀ ਨੇ ਨਿੰਦਰ ਨੂੰ ਨਹੋਰਾ ਮਾਰਿਆ ।

" ਹਾਂ ਦਾਦੀ, ਜੋ ਫੁਰਰ...ਕਰਕੇ ਉੱਡ ਗਈ, ਉਹ ਭੂਰੀਆਂ ਚਿੜੀਆਂ ਵਰਗੀ ਨਹੀਂ ਸੀ,ਸਗੋਂ ਕਾਲੀ ਚਿੜੀ ਸੀ ।" ਨਿੰਦਰ ਨੇ ਕਿਹਾ।

"ਉਹ ਭੂਰੀਆਂ ਚਿੜੀਆਂ ਅਲੋਪ ਹੋ ਗਈਆਂ ਪੁੱਤ।" ਦਾਦੀ ਜਾਣਕਾਰੀ ਦੇਣ ਲੱਗ ਪਈ.... ਪਹਿਲਾਂ ਘਰਾਂ ਦੀਆਂ ਛੱਤਾਂ ਸ਼ਤੀਰਾਂ, ਬਾਲਿਆਂ ਵਾਲੀਆਂ ਹੁੰਦੀਆਂ ਸੀ, ਜਿਨ੍ਹਾਂ 'ਚ ਚਿੜੀਆਂ ਆਲ੍ਹਣੇ ਪਾ ਲੈਂਦੀਆਂ ਸੀ ਹੁਣ ਸਭ ਘਰ ਪੱਕੇ ਹੋ ਗਏ, ਉਨ੍ਹਾਂ ਨੂੰ ਆਲ੍ਹਣੇ ਪਾਉਣ ਲਈ ਥਾਂ ਨਹੀਂ ਲੱਭਦੀ । ਪਤਾ ਈ ਨਹੀਂ ਉਹ ਭੂਰੀਆਂ ਚਿੜੀਆਂ ਕਿੱਥੇ ਅਲੋਪ ਹੋ ਗਈਆਂ । ਸਵੇਰੇ -ਸਵੇਰੇ ਚਿੜੀਆਂ ਦੀ ਚੀਂ- ਚੀਂ, ਬਲਦਾਂ ਦੀਆਂ ਟੱਲੀਆਂ ਖੜਕਣ ਦੀ ਆਵਾਜ਼, ਦੁੱਧ ਰਿੜਕਦੀਆਂ ਮਧਾਣੀਆਂ ਦੀਆਂ ਆਵਾਜਾਂ ਸਭ ਅਲੋਪ ਹੋ ਗਈਆਂ, ਨਿੰਦਰੇ....।" ਲਗਾਤਾਰ ਦਾਦੀ ਗੱਲਾਂ ਦਸਦੀ- ਦਸਦੀ ਆਪਣੇ ਜਮਾਨੇ 'ਚ ਜਿਵੇਂ ਖੋ ਗਈ ਹੋਵੇ।


"ਦਾਦੀ ਮੈਂ ਇਹ ਗੱਲਾਂ ਸਭ ਸੁਣੀਆਂ ਨੇ, ਮੇਰੇ ਕੋਲ ਟਾਇਮ ਨਹੀਂ । ਮੈਂ ਆਪਣੀ ਪੜ੍ਹਾਈ ਕਰਨੀ ਹੈ, ਮੈਨੂੰ ਮੇਰੇ ਸਵਾਲ ਦਾ ਜਵਾਬ ਦਿਓ। ਤੁਸੀਂ ਕਿਹਾ ਕਿ ਨਾ ਤਾਂ ਚਿੜੀਆਂ ਵਰਗੀਆਂ ਚਿੜੀਆਂ ਨੇ , ਨਾ ਹੀ ਉਹ ਕੁੜੀਆਂ ਵਰਗੀਆਂ ਕੁੜੀਆਂ ਨੇ , ਦਾਦੀ ਕੁੜੀਆਂ 'ਚ ਕੀ ਬਦਲਾਅ ਆਇਆ .. ਦੱਸੋ?" ਨਿੰਦਰ ਨੇ ਦਾਦੀ ਨੂੰ ਪੁੱਛਿਆ।

"ਹਾਂ, ਪੁੱਤ ਕੁੜੀਆਂ 'ਚ ਬਦਲਾਅ ਵੀ ਬਹੁਤ ਆ ਗਿਆ, ਪਹਿਲਾਂ ਪਿੰਡਾਂ ਵਾਲੇ ਪਿੰਡ ਦੀ ਕੁੜੀ ਨੂੰ ਆਪਣੀ ਧੀ ਸਮਝਦੇ ਹੁੰਦੇ ਸੀ ।" ਦਾਦੀ ਨੇ ਗੱਲ ਨੂੰ ਹੋਰ ਪਾਸੇ ਮੋੜ ਦਿੰਦੇ ਆਖਿਆ ।

"ਨਹੀਂ ਦਾਦੀ ਗੱਲ ਬਦਲੋ ਨਾ, ਇਹ ਕੁੜੀਆਂ 'ਚ ਬਦਲਾਅ ਵਾਲੀ ਗੱਲ ਦੱਸੋ?" ਨਿੰਦਰ ਨੇ ਦਾਦੀ ਨੂੰ ਫਿਰ ਪੁੱਛਿਆ ।

"ਸਮੇਂ -ਸਮੇਂ ਦੀ ਗੱਲ ਹੁੰਦੀ ਐ ਪੁੱਤ " ਦਾਦੀ ਗੱਲ ਅੱਗੇ ਵਧਾਉਂਦੀ ਹੋਈ ਆਖਣ ਲੱਗੀ .... "ਕੁੜੀਆਂ ਜਿਨ੍ਹਾਂ ਨੂੰ ਚਿੜੀਆਂ ਕਿਹਾ ਜਾਂਦਾ ਸੀ, ਹੁਣ ਬਾਜ਼ ਬਣ ਗਈਆਂ, ਖੌਰੇ, ਕਿੰਨੀਆਂ ਕੁ ਕੁੜੀਆਂ ਜਨਮ ਲੈਣ ਤੋਂ ਪਹਿਲਾਂ ਹੀ ਕੁੱਖਾਂ 'ਚ ਕਤਲ ਹੋ ਗਈਆਂ ।" ਕਹਿਕੇ ਦਾਦੀ ਦੀ ਜਿਵੇਂ ਅੰਦਰਲੀ ਚਿੜੀ ਅਲੋਪ ਹੋ ਗਈ ਹੋਵੇ, ਨਦੀ ਦੀ ਠੰਡੀ ਰੇਤ ਵਾਂਗ ਆਪ ਠੰਡੀ ਜਿਹੀ ਹੋ ਗਈ ।

ਲਿਖਤ : ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਸੰਪਰਕ : 95011-00062




ਪੰਜਾਬ ਦੇ ਚਾਰ ਮਸ਼ਹੂਰ ਲੋਕ ਨਾਇਕਾਂ ਜੱਗਾ ਡਾਕੂ, ਜਿਊਣਾ ਮੌੜ ਅਤੇ ਸੁੱਚਾ ਸੂਰਮਾ ਵਿੱਚੋਂ ਅਬਦੁੱਲਾ ਖਾਨ ਭੱਟੀ ਉਰਫ ਦੁੱਲਾ ਭੱਟੀ ਸਭ ਤੋਂ ਪਹਿਲਾਂ ਹੋਇਆ ਹੈ। ਦੁੱਲਾ ਭੱਟੀ ਪੰਜਾਬ ਦਾ ਪਹਿਲਾ ਰੌਬਿਨ ਹੁੱਡ ਸੀ। ਉਸ ਦਾ ਜਨਮ 1569 ਈ. ਦੇ ਕਰੀਬ ਅਕਬਰ ਮਹਾਨ ਦੇ ਸ਼ਾਸ਼ਨ ਕਾਲ ਵਿੱਚ ਹੋਇਆ ਸੀ। ਉਸ ਦੀ ਮਾਂ ਦਾ ਨਾਮ ਲੱਧੀ ਅਤੇ ਬਾਪ ਦਾ ਨਾਮ ਰਾਏ ਫਰੀਦ ਖਾਨ ਭੱਟੀ ਸੀ ਜੋ ਮੁਸਲਿਮ ਰਾਜਪੂਤ ਸੀ। ਫਰੀਦ ਖਾਨ ਸਾਂਦਲ ਬਾਰ ਦੇ ਪਿੰਡੀ ਭੱਟੀਆਂ ਇਲਾਕੇ ਦਾ ਸਰਦਾਰ ਸੀ ਤੇ ਉਸ ਦਾ ਪ੍ਰਭਾਵ ਲਹਿੰਦੇ ਪੰਜਾਬ ਦੇ ਮੌਜੂਦਾ ਜਿਲ੍ਹੇ ਹਾਫੀਜ਼ਾਬਾਦ ਤੋਂ ਲੈ ਕੇ ਮੁਲਤਾਨ ਤੱਕ ਸੀ। ਪਿੰਡੀ ਭੱਟੀਆਂ ਦਾ ਇਲਾਕਾ ਅੱਜ ਕਲ੍ਹ ਪਾਕਿਸਤਾਨ ਦੇ ਜਿਲ੍ਹਾ ਫੈਸਲਾਬਾਦ ਦੇ ਆਸ ਪਾਸ ਪੈਂਦਾ ਹੈ। ਅਕਬਰ ਤੋਂ ਪਹਿਲਾਂ ਭਾਰਤ ਵਿੱਚ ਜ਼ਮੀਨਾਂ ਦਾ ਲਗਾਨ ਇਕੱਠਾ ਕਰਨ ਵੇਲੇ ਬਹੁਤ ਧਾਂਦਲੀ ਚੱਲਦੀ ਸੀ।

ਪਰ ਅਕਬਰ ਨੇ ਆਪਣੇ ਵਿੱਤ ਮੰਤਰੀ ਦੀਵਾਨ ਟੋਡਰ ਮੱਲ ਦੀ ਮਦਦ ਨਾਲ ਸਾਰੇ ਰਾਜ ਵਿੱਚ ਜ਼ਮੀਨ ਦੀ ਮਿਣਤੀ ਕਰਵਾਈ ਤੇ ਉਸੇ ਹਿਸਾਬ ਨਾਲ ਲਗਾਨ ਨਿਸ਼ਚਿਤ ਕਰ ਦਿੱਤਾ। ਮਾਮਲਾ ਉਗਰਾਹੁਣਾ ਜਿੰਮੀਦਾਰ ਆਪਣਾ ਰੱਬੀ ਹੱਕ ਸਮਝਦੇ ਸਨ। ਪਰ ਅਕਬਰ ਵੱਲੋਂ ਸਿੱਧਾ ਮਾਮਲਾ ਉਗਰਾਹੁਣ ਤੋਂ ਜਿੰਮੀਦਾਰ ਭੜਕ ਗਏ ਤੇ ਆਪਣੇ ਅਧਿਕਾਰਾਂ ਵਿੱਚ ਦਖਲ ਸਮਝ ਕੇ ਬਗਾਵਤਾਂ ਸ਼ੁਰੂ ਕਰ ਦਿੱਤੀਆਂ। ਬਾਰਾਂ ਵਿੱਚ ਰਹਿਣ ਵਾਲੇ ਲੋਕ ਮੁੱਢ ਤੋਂ ਹੀ ਬਾਗੀ ਸਨ।

ਮਹਿਮੂਦ ਗਜ਼ਨਵੀ ਤੇ ਬਾਬਰ ਨੂੰ ਵੀ ਇਸ ਇਲਾਕੇ ਵਿੱਚ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ। ਲੜਨ ਭਿੜਨ ਤੇ ਲੁੱਟ ਮਾਰ ਦੇ ਸ਼ੌਕੀਨ ਇਹ ਲੋਕ ਸਰਕਾਰੀ ਹਕੂਮਤ ਨੂੰ ਨਹੀਂ ਸਨ ਮੰਨਦੇ। ਇੱਥੋਂ ਤੱਕ ਕਿ ਆਪਣੇ ਇਲਾਕੇ 'ਚੋਂ ਲੰਘਣ ਵਾਲੇ ਕਾਫਲਿਆਂ ਤੇ ਸਰਕਾਰੀ ਖਜ਼ਾਨੇ ਨੂੰ ਵੀ ਲੁੱਟ ਲੈਂਦੇ ਸਨ। ਫਰੀਦ ਖਾਨ ਭੱਟੀ ਨੇ ਵੀ ਬਗਾਵਤ ਕਰ ਦਿੱਤੀ, ਪਰ ਮੁਗਲ ਸੈਨਾਂ ਨੇ ਜਲਦੀ ਹੀ ਬਗਾਵਤਾਂ ਦਬਾ ਦਿੱਤੀਆਂ। ਫਰੀਦ ਖਾਨ ਤੇ ਉਸ ਦੇ ਬਾਪ ਸਾਂਦਲ ਖਾਨ ਭੱਟੀ ਨੂੰ ਫਾਂਸੀ ਲਗਾ ਦਿੱਤਾ ਗਿਆ ਤੇ ਜਗੀਰਾਂ ਜ਼ਬਤ ਕਰ ਲਈਆਂ ਗਈਆਂ। ਕਹਿੰਦੇ ਹਨ ਕਿ ਫਰੀਦ ਖਾਨ, ਸਾਂਦਲ ਖਾਨ ਤੇ ਉਹਨਾਂ ਦੇ ਸਾਥੀਆਂ ਦੀਆਂ ਲਾਸ਼ਾਂ ਤੂੜੀ ਨਾਲ ਭਰ ਕੇ ਸ਼ਾਹੀ ਕਿਲਾ ਲਾਹੌਰ ਦੇ ਦਰਵਾਜ਼ੇ 'ਤੇ ਲਟਕਾ ਦਿੱਤੀਆਂ ਗਈਆਂ।

ਦੁੱਲੇ ਦਾ ਜਨਮ ਫਰੀਦ ਦੇ ਮਰਨ ਤੋਂ ਚਾਰ ਮਹੀਨੇ ਬਾਅਦ ਹੋਇਆ ਸੀ। ਦੁੱਲੇ ਨੂੰ ਬਚਪਨ ਵਿੱਚ ਪਤਾ ਨਹੀਂ ਸੀ ਕਿ ਉਸ ਦੇ ਬਾਪ-ਦਾਦੇ ਨਾਲ ਕੀ ਵਾਪਰਿਆ ਹੈ। ਉਸ ਦਾ ਬਚਪਨ ਵੀ ਆਮ ਬੱਚਿਆਂ ਵਾਂਗ ਮਸੀਤ ਵਿੱਚ ਪੜ੍ਹ ਕੇ ਤੇ ਖੇਡ ਕੁੱਦ ਕੇ ਬੀਤਿਆ। ਉਹ ਬਚਪਨ ਤੋਂ ਹੀ ਬੜਾ ਦਲੇਰ ਅਤੇ ਬਾਗੀ ਕਿਸਮ ਦਾ ਸੀ। ਜਦੋਂ ਮੌਲਵੀ ਨੇ ਸਖਤੀ ਕੀਤੀ ਤਾਂ ਉਸ ਨੇ ਪੜ੍ਹਨਾ ਹੀ ਛੱਡ ਦਿੱਤਾ। ਉਹ ਬਚਪਨ ਤੋਂ ਤੀਰ, ਤਲਵਾਰ, ਬੰਦੂਕਾਂ ਆਦਿ ਚਲਾਉਣ ਦਾ ਸ਼ੌਕੀਨ ਸੀ। ਗੁਲੇਲ ਨਾਲ ਔਰਤਾਂ ਦੇ ਘੜੇ ਭੰਨ੍ਹ ਦੇਂਦਾ ਤਾਂ ਲੱਧੀ ਉਸ ਨੂੰ ਡਾਂਟਣ ਦੀ ਬਜਾਏ ਆਪਣੇ ਸਵਰਗਵਾਸੀ ਪਤੀ ਦੀ ਇੱਕੋ ਇੱਕ ਨਿਸ਼ਾਨੀ ਸਮਝ ਕੇ ਨਵੇਂ ਘੜੇ ਲੈ ਦੇਂਦੀ। ਜਦੋਂ ਉਸ ਨੂੰ ਆਪਣੇ ਬਾਪ ਦੀ ਹੋਣੀ ਬਾਰੇ ਪਤਾ ਲੱਗਾ ਤਾਂ ਉਹ ਭੜਕ ਉਠਿਆ। ਉਸ ਨੇ ਅਕਬਰ ਅਤੇ ਮੁਗਲ ਰਾਜ ਦੇ ਖਿਲਾਫ ਬਗਾਵਤ ਕਰ ਦਿੱਤੀ। ਉਸ ਨੇ ਸਰਕਾਰੀ ਖਜ਼ਾਨਾ ਲੁੱਟ ਕੇ ਲੋਕਾਂ ਵਿੱਚ ਵੰਡਣਾ ਸ਼ੁਰੂ ਕਰ ਦਿੱਤਾ ਤੇ ਆਪਣੇ ਖਰਚੇ 'ਤੇ ਗਰੀਬ ਘਰਾਂ ਦੀਆਂ ਅਨੇਕਾਂ ਲੜਕੀਆਂ ਦੇ ਵਿਆਹ ਕੀਤੇ। ਮੁਗਲਾਂ ਦੇ ਕਈ ਅਹਿਲਕਾਰਾਂ ਤੇ ਸੈਨਿਕਾਂ ਨੂੰ ਕਤਲ ਕਰ ਦਿੱਤਾ ਗਿਆ। ਇੱਕ ਵਾਰ ਤਾਂ ਸਾਂਦਲ ਬਾਰ ਦਾ ਇਲਾਕਾ ਲਾਹੌਰ ਦੇ ਸੂਬੇਦਾਰ ਦੇ ਕਬਜ਼ੇ ਵਿੱਚੋਂ ਇੱਕ ਤਰਾਂ ਨਾਲ ਅਜ਼ਾਦ ਹੀ ਹੋ ਗਿਆ ਸੀ। ਲੋਕ ਕਥਾ ਹੈ ਕਿ ਉਸ ਨੇ ਹੱਜ ਕਰਨ ਜਾਂਦੀ ਅਕਬਰ ਦੀ ਇੱਕ ਬੇਗਮ ਲੁੱਟ ਲਈ ਸੀ ਜਾਂ ਬੰਦੀ ਬਣ ਲਈ ਸੀ। ਪਰ ਇਸ ਸਬੰਧੀ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਉਸ ਦੇ ਕਈ ਡਾਕੇ ਬੜੇ ਮਸ਼ਹੂਰ ਹੋਏ ਸਨ। ਉਸ ਨੇ ਇੱਕ ਵਾਰ ਅਕਬਰ ਲਈ ਖਾਸ ਅਰਬੀ ਘੋੜੇ ਲੈ ਕੇ ਜਾਂਦੇ ਕਾਬਲ ਦੇ ਵਪਾਰੀ ਨੂੰ ਲੁੱਟ ਲਿਆ ਸੀ। ਇਸ ਤੋਂ ਇਲਾਵਾ ਉਸ ਨੇ ਸ਼ਾਹ ਇਰਾਨ ਵੱਲੋਂ ਅਕਬਰ ਲਈ ਭੇਜੇ ਗਏ ਤੋਹਫੇ ਲੁੱਟ ਕੇ ਤਰਥੱਲੀ ਮਚਾ ਦਿੱਤੀ ਸੀ। ਲੁੱਟਿਆ ਸਮਾਨ ਗਰੀਬਾਂ ਵਿੱਚ ਵੰਡਣ ਕਾਰਨ ਲੋਕ ਉਸ ਨੂੰ ਆਪਣੀ ਜਾਨ ਤੋਂ ਵੱਧ ਪਿਆਰ ਕਰਨ ਲੱਗੇ। ਉਸ ਕੱਟੜਤਾ ਵਾਲੇ ਯੁੱਗ ਵਿੱਚ ਵੀ ਉਹ ਧਾਰਮਿਕ ਤੌਰ 'ਤੇ ਬਹੁਤ ਹੀ ਸ਼ਹਿਣਸ਼ੀਲ ਸੀ। ਇਲਾਕੇ ਦੇ ਹਿੰਦੂਆਂ ਪ੍ਰਤੀ ਉਸ ਦਾ ਵਿਵਹਾਰ ਬਹੁਤ ਹੀ ਪਿਆਰ ਭਰਿਆ ਸੀ। ਉਹ ਹਿੰਦੂ, ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਨਾਇਕ ਹੈ। ਉਸ ਨੇ ਸੁੰਦਰੀ ਮੁੰਦਰੀ ਨਾਮਕ ਦੋ ਹਿੰਦੂ ਲੜਕੀਆਂ ਨੂੰ ਜਗੀਰਦਾਰ ਦੇ ਪੰਜੇ ਵਿੱਚੋਂ ਬਚਾ ਕੇ ਤੇ ਬਾਪ ਬਣ ਕੇ ਉਹਨਾਂ ਦਾ ਵਿਆਹ ਕਰਵਾਇਆ ਸੀ ਤੇ ਸਾਰਾ ਦਹੇਜ਼ ਖੁਦ ਦਿੱਤਾ ਸੀ। ਉਸ ਦੇ ਇਸ ਕਾਰਨਾਮੇ ਨੇ ਉਸ ਨੂੰ ਹਮੇਸ਼ਾਂ ਲਈ ਅਮਰ ਕਰ ਦਿੱਤਾ ਹੈ। ਅੱਜ ਤੱਕ ਹਰ ਸਾਲ ਲੋਕ ਉਸ ਨੂੰ ਉਸ ਨੂੰ ਲੋਹੜੀ ਦੇ ਤਿਉਹਾਰ 'ਤੇ " ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ, ਦੁੱਲਾ ਭੱਟੀ ਵਾਲਾ ਹੋ" ਗਾ ਕੇ ਯਾਦ ਕਰਦੇ ਹਨ।

ਦੁੱਲੇ ਦੀ ਲੋਕ ਰੱਬ ਵਾਂਗ ਪੂਜਾ ਕਰਨ ਲੱਗੇ। ਪਰ ਦੁੱਲੇ ਦੀ ਚੜ੍ਹਾਈ ਉਸ ਦੇ ਸਕੇ ਚਾਚੇ ਜਲਾਲੁਦੀਨ ਕੋਲੋਂ ਬਰਦਾਸ਼ਤ ਨਾ ਹੋਈ। ਉਹ ਮੁਗਲਾਂ ਦਾ ਮੁਖਬਰ ਬਣ ਗਿਆ ਤੇ ਖਬਰਾਂ ਸਰਕਾਰ ਤੱਕ ਪਹੁੰਚਾਉਣ ਲੱਗਾ। ਪਰ ਭਾਰੀ ਕੋਸ਼ਿਸ਼ਾਂ ਦੇ ਬਾਵਜੂਦ ਲਾਹੌਰ ਦਾ ਸੂਬੇਦਾਰ ਦੁੱਲੇ ਨੂੰ ਦਬਾ ਨਾ ਸਕਿਆ ਤੇ ਉਸ ਨੂੰ ਅਨੇਕਾਂ ਵਾਰ ਮੂੰਹ ਦੀ ਖਾਣੀ ਪਈ। ਇਸ ਤੋਂ ਖਿਝ ਕੇ ਅਕਬਰ ਨੇ ਸਾਂਦਲ ਬਾਰ ਦੀ ਬਗਾਵਤ ਦਬਾਉਣ ਲਈ ਆਪਣੇ ਦੋ ਬਹੁਤ ਹੀ ਕਾਬਲ ਜਰਨੈਲ ਮਿਰਜ਼ਾ ਅਲਾਉਦੀਨ ਅਤੇ ਮਿਰਜ਼ਾ ਜ਼ਿਆਉਦੀਨ ਖਾਨ 15000 ਸੈਨਕ ਦੇ ਕੇ ਲਾਹੌਰ ਭੇਜ ਦਿੱਤੇ। ਲਾਹੌਰ ਦੇ ਸੂਬੇਦਾਰ ਨੂੰ ਬੜੇ ਸਖਤ ਹੁਕਮ ਭੇਜੇ ਗਏ ਕਿ ਜੇ ਬਗਾਵਤ ਨਾ ਦਬਾਈ ਗਈ ਤਾਂ ਤੇਰਾ ਸਿਰ ਵੱਢ ਦਿੱਤਾ ਜਾਵੇਗਾ।

ਦਿੱਲੀ ਤੋਂ ਆਏ ਜਰਨੈਲਾਂ ਦੀ ਕਮਾਂਡ ਹੇਠ ਲਾਹੌਰ ਅਤੇ ਦਿੱਲੀ ਦੀ ਰਲੀ ਮਿਲੀ ਫੌਜ ਹੱਥ ਧੋ ਕੇ ਦੁੱਲੇ ਦੇ ਪਿੱਛੇ ਪੈ ਗਈ। ਦੁੱਲੇ ਦਾ ਘਰ ਘਾਟ ਤਬਾਹ ਕਰ ਦਿੱਤਾ ਗਿਆ ਤੇ ਲੱਧੀ ਸਮੇਤ ਭੱਟੀਆਂ ਦੀਆਂ ਸਾਰੀਆਂ ਔਰਤਾਂ ਬੰਦੀ ਬਣਾ ਲਈਆਂ ਗਈਆਂ। ਕਈ ਮਹੀਨੇ ਝੜਪਾਂ ਚਲਦੀਆਂ ਰਹੀਆਂ, ਦੁੱਲੇ ਅਤੇ ਸਾਥੀਆਂ ਨੇ ਛਾਪਮਾਰ ਯੁੱਧ ਨਾਲ ਫੌਜ ਦੇ ਨੱਕ ਵਿੱਚ ਦਮ ਕਰ ਦਿੱਤਾ। ਕਹਿੰਦੇ ਹਨ ਕਿ ਜਦੋਂ ਮੁਗਲ ਉਸ ਨੂੰ ਮੈਦਾਨ ਵਿੱਚ ਨਾ ਹਰਾ ਸਕੇ ਤਾਂ ਉਹਨਾਂ ਨੇ ਛਲ ਕਪਟ ਦਾ ਸਹਾਰਾ ਲਿਆ। ਵਿਚੋਲੇ ਪਾ ਕੇ ਸੁਲ੍ਹਾ ਦੀ ਗੱਲ ਚਲਾਉਣ ਦਾ ਢੋਂਗ ਰਚਿਆ ਗਿਆ। ਜਦੋਂ ਦੁੱਲਾ ਗੱਲ ਬਾਤ ਲਈ ਆਇਆ ਤਾਂ ਉਸ ਨੂੰ ਖਾਣੇ ਵਿੱਚ ਨਸ਼ਾ ਮਿਲਾ ਕੇ ਬੇਹੋਸ਼ ਕਰ ਕੇ ਗ੍ਰਿਫਤਾਰ ਕਰ ਲਿਆ ਤੇ ਲਾਹੌਰ ਜੇਲ੍ਹ ਵਿੱਚ ਬੰਦ ਕਰ ਦਿੱਤਾ। ਆਖਰ 1599 ਈ. ਨੂੰ ਸਿਰਫ 30 ਸਾਲ ਦੀ ਭਰ ਜਵਾਨੀ ਵਿੱਚ ਦੁੱਲੇ ਨੂੰ ਕੋਤਵਾਲੀ ਦੇ ਸਾਹਮਣੇ ਫਾਂਸੀ ਲਗਾ ਦਿਤਾ ਗਿਆ। ਕਹਿੰਦੇ ਹਨ ਕਿ ਉਸ ਦੀਆਂ ਆਖਰੀ ਰਸਮਾਂ ਮਹਾਨ ਸੂਫੀ ਸੰਤ ਸ਼ਾਹ ਹੁਸੈਨ ਨੇ ਨਿਭਾਈਆਂ ਸਨ। ਉਸ ਦੀ ਕਬਰ ਲਾਹੌਰ ਮਿਆਣੀ ਸਾਹਿਬ ਕਬਰਸਤਾਨ ਵਿੱਚ ਬਣੀ ਹੋਈ ਹੈ। ਦੁੱਲਾ ਪੰਜਾਬ ਦੇ ਇਤਿਹਾਸ ਦਾ ਅਮਰ ਕਿਰਦਾਰ ਹੈ ਤੇ ਅਣਖ ਨਾਲ ਜਿਊਣ ਦਾ ਪ੍ਰਤੀਕ ਹੈ।


## BEWARE OF SCAMS AND FRAUD SCHEMES

The Office of Inspector General recognizes that we are facing unprecedented times and is alerting the public about potential fraud schemes related to economic stimulus programs offered by the U.S. Small Business Administration in response to the Novel Coronavirus Pandemic (COVID-19). The Coronavirus Aid, Relief, and Economic Security Act (CARES Act), the largest financial assistance bill to date, includes provisions to help small businesses. Fraudsters have already begun targeting small business owners during these economically difficult times. Be on the lookout for grant fraud, loan fraud, and phishing.

### Grants

- SBA ***does not*** initiate contact on either 7a or Disaster loans or grants. If you are proactively contacted by someone claiming to be from the SBA, suspect fraud.

### Loans

- If you are contacted by someone promising to get approval of an SBA loan, but requires any payment up front or offers a high interest bridge loan in the interim, suspect fraud.
- SBA limits the fees a broker can charge a borrower to 3% for loans $50,000 or less and 2% for loans $50,000 to $1,000,000 with an additional ¼% on amounts over $1,000,000. Any attempt to charge more than these fees is inappropriate.
- If you have a question about getting a SBA disaster loan, call 800-659-2955 or send an email to disastercustomerservice@sba.gov.
- If you have questions about other SBA lending products, call SBA's Answer Desk at 800-827-5722 or send an email to answerdesk@sba.gov.

### Phishing

- Look out for phishing attacks/scams utilizing the SBA logo. These may be attempts to obtain your personally identifiable information (PII),to obtain personal banking access, or to install ransomware/malware on your computer.
- If you are in the process of applying for an SBA loan and receive email correspondence asking for PII, ensure that the referenced application number is consistent with the actual application number.
- Any email communication from SBA will come from accounts ending with ***sba.gov***.
- The presence of an SBA logo on a webpage ***does not*** guaranty the information is accurate or endorsed by SBA. Please cross-reference any information you receive with information available at www.sba.gov.

Report any suspected fraud to OIG's Hotline at 800-767-0385 or online at, https://www.sba.gov/about-sba/oversight-advocacy/office-inspector-general/office-inspector-general-hotline.

# ਕਾਵਿ ਕਿਆਰੀ

## ਸਿਆਸਤ

ਬਾਬੇ ਦੀ ਬਾਣੀ ਨੂੰ ਵੀ ਨੇਤਾ ਤਾਂ ਲੁੱਟ ਕੇ ਖਾ ਗਏ
ਭੁੱਲ ਭਾਈ ਲਾਲੋ ਤਾਂਈ ਭਾਗੋ ਦੇ ਘਰ ਨੇ ਆ ਗਏ
ਹਰ ਥਾਂ ਤੇ ਗੋਲਕ ਰੱਖ ਕੇ ਲੁੱਟਦੇ ਨੇ ਕਿਰਤੀ ਨੂੰ
ਬਾਬਾ ਕੀ ਬਖ਼ਸ਼ ਦਿਊਗਾ ਲੋਟੂ ਇਸ ਬਿਰਤੀ ਨੂੰ

ਓ ਬਾਬੇ ਤੱਕੜੀ ਨੇ ਤਾਂ ਤੋਲਿਆ ਕਦੇ ਤੇਰਾਂ ਤੇਰਾਂ
ਵੋਟਾਂ ਦੀ ਖੇਡ ਸਿਆਸਤ ਕਰਦੇ ਰਹੇ ਹੇਰਾਂ ਫੇਰਾਂ
ਲੋਕਾਂ ਨੂੰ ਹਰ ਥਾਂ ਵੰਡ ਕੇ ਮਾਰਿਆ ਪ੍ਰਵਿਰਤੀ ਨੂੰ
ਬਾਬਾ ਕੀ ਬਖ਼ਸ਼ ਦਿਊਗਾ ਲੋਟੂ ਇਸ ਬਿਰਤੀ ਨੂੰ

ਭਾਈਆਂ ਤੋਂ ਭਾਈ ਮਰਾਉਂਦੇ ਵੋਟਾਂ ਦੀ ਖਾਤਿਰ ਨੇ
ਨਸ਼ਿਆਂ ਨਾਲ਼ ਪੁੱਤ ਮਰਵਾਏ ਝੂਠੇ ਇਹ ਪਾਤਰ ਨੇ
ਲੋਕਾਂ ਦੀ ਸਾਂਝ ਤੋੜ ਕੇ ਅਪਣਾਉਂਦੇ ਨੇ ਫਿਰਤੀ ਨੂੰ
ਬਾਬਾ ਕੀ ਬਖ਼ਸ਼ ਦਿਊਗਾ ਲੋਟੂ ਇਸ ਬਿਰਤੀ ਨੂੰ

ਬਾਲਾ ਮਰਦਾਨਾ ਵੀ ਅੱਜ ਬੈਠਣ ਕਦੇ ਜੁੜ ਕੇ ਨਾ
ਸਾਂਝਾ ਦਾ ਵਕਤ ਬਰਾਬਰ ਆਉਣਾ ਕਦੇ ਮੁੜ ਕੇ ਨਾ
ਨਸ਼ਿਆਂ ਵਿੱਚ ਰੋਲ਼ ਜਵਾਨੀ ਬੁਰੀ ਇਹ ਤ੍ਰਿਪਤੀ ਨੂੰ
ਬਾਬਾ ਕੀ ਬਖ਼ਸ਼ ਦਿਊਗਾ ਲੋਟੂ ਇਸ ਬਿਰਤੀ ਨੂੰ

ਜਿਨ੍ਹਾਂ ਨੇ ਸਿਰ ਕਟਵਾਏ ਉਨ੍ਹਾਂ ਦਾ ਮੁੱਲ ਕੋਈ ਨਾ
ਨੀਲੇ ਤੇ ਚਿੱਟੇ ਚੰਦਰੇ ਅੰਦਰੋਂ ਇਹ ਵੱਖ ਹੋਈ ਨਾ
'ਜੀਤ' ਸਿਆਂ ਦੇਣੇ ਲਾਲਚ ਬਦਲੋ ਪ੍ਰਵਿਰਤੀ ਨੂੰ
ਬਾਬਾ ਕੀ ਬਖ਼ਸ਼ ਦਿਊਗਾ ਲੋਟੂ ਇਸ ਬਿਰਤੀ ਨੂੰ

**ਲੇਖਕ : ਸਰਬਜੀਤ ਸਿੰਘ ਨਮੋਲ਼, 9877358044**

## ਗ਼ਜ਼ਲ

ਉਦਾਸੀ ਵਿਚ ਕਿਹਾ ਯਾਰਾਂ ਕਿ ਕੋਈ ਗੱਲ ਸੁਣਾ ਬਾਲਮ।
ਸਮੇਂ ਦੇ ਜਿਸਮ ਉਤੋਂ ਮਖ਼ਮਲੀ ਪਰਦਾ ਉਠਾ ਬਾਲਮ।
ਕਿਹਾ ਮੈਂ ਦੋਸਤੋ ਇਹ ਜ਼ਿੰਦਗੀ ਚੁਟਕੀ ਦੇ ਵਾਗੂੰ ਬੀਤ ਜਾਣੀ ਹੈ,
ਨਦੀ ਅੰਦਰ ਜਿਵੇਂ ਬੇੜੀ ਮੁਕਾਵੇ ਫਾਸਲਾ ਬਾਲਮ।
ਜਦੋਂ ਟਹਿਣੀ ਤੋਂ ਫੁਲ ਟੁੱਟੇ ਤਾਂ ਖ਼ੁਸ਼ਬੂ ਯਾਦ ਰਹਿੰਦੀ ਹੈ,
ਇਸੇ ਕਰਕੇ ਹੀ ਹਰਦਮ ਸੋਚਦਾ ਸਭ ਦਾ ਭਲਾ ਬਾਲਮ।
ਕਿਵੇਂ ਪਾਣੀ 'ਤੇ ਤਰਦੀ ਹੈ, ਇਹ ਦੁਨੀਆਂ ਕਾਗਜ਼ੀ ਬੇੜੀ?
ਕਿਵੇਂ ਉਸ ਨੇ ਸਰਿਸ਼ਟੀ ਦੀ ਬਣਾਈ ਹੈ ਕਲਾ ਬਾਲਮ?
ਜਿਵੇਂ ਤੱਤੇ ਤਵੇ ਉਪਰ ਕੋਈ ਸ਼ਬਨਮ ਝੁਲਸ ਜਾਵੇ,
ਇਵੇਂ ਉਸ ਦੀ ਪੁਰਾਣੀਂ ਯਾਦ ਅੰਦਰ ਤੜਪਦਾ ਬਾਲਮ।
ਜਿਵੇਂ ਸੂਰਜ ਤੇ ਧਰਤੀ ਦਾਨ ਕਰਦੇ ਨੇ ਜ਼ਮਾਨੇ ਨੂੰ,
ਇਵੇਂ ਸਾਹਿਤ 'ਚ ਤੁਰਿਆ ਹੈ ਭਲਾ ਹੈ ਜਾਂ ਬੁਰਾ ਬਾਲਮ।
ਜਿਹੜਾ ਉਡਦੇ ਪਰਿੰਦੇ ਵਾਂਗ ਕਾਬੂ ਵਿਚ ਨਹੀਂ ਰਹਿੰਦਾ,
ਚੁਰਾਣੀਂ ਹੈ ਜੇ ਕੋਈ ਸ਼ੈਅ ਤਾਂ ਅਪਣਾ ਮਨ ਚੁਰਾ ਬਾਲਮ।
ਜ਼ਰੂਰਤ ਹੈ ਸਮੇਂ ਦੀ ਲੋੜ ਹੈ ਐਸੀ ਹੀ ਖ਼ੁਸ਼ਬੂ ਦੀ,
ਕਰਾਂਤੀ ਦੇ ਬਗ਼ੀਚੇ ਵਿੱਚ ਕੋਈ ਫੁਲ ਉਗਾ ਬਾਲਮ।
ਜਦੋਂ ਹੁਣ ਬੀਤ ਚੁੱਕੇ ਵਕਤ ਅੰਦਰ ਜਾ ਨਹੀਂ ਸਕਦਾ,
ਉਮਰ ਦੇ ਆਖ਼ਰੀ ਪਲ ਜ਼ਿੰਦਗੀ ਨੂੰ ਸਮਝਿਆ ਬਾਲਮ।
ਕਿਸੇ ਦੀ ਯਾਦ ਦੀ ਬਾਰਿਸ਼, ਮੇਰੀ ਝੁੱਗੀ ਨੂੰ ਡੋਬੇਗੀ,
ਉਮੜ ਕੇ ਫੇਰ ਛਾਈ ਹੈ ਕਿਵੇਂ ਕਾਲੀ ਘਟਾ ਬਾਲਮ?
ਕਿ ਅੱਧੀ ਰਾਤ ਅੱਡੀ ਚੁਕ ਕੇ ਉਸ ਨੇ ਚੁੰਮਿਆ ਚੰਨ ਨੂੰ,
ਗਗਨ ਦੇ ਤਾਰਿਆਂ ਵਿਚੋਂ ਵਗੀ ਠੰਡੀ ਹਵਾ ਬਾਲਮ।
ਮੁਹੱਬਤ ਕਰਕੇ ਹੀ ਸੰਸਾਰ ਅੰਦਰ ਜ਼ਿੰਦਗੀ ਦਿਸਦੀ,
ਕਿ ਜੀਵਨ ਵਾਸਤੇ ਜਿੱਦਾਂ ਜ਼ਰੂਰੀ ਹੈ ਵਫ਼ਾ ਬਾਲਮ।
ਗ਼ਜ਼ਲ ਕਵਿਤਾ ਕਹਾਣੀ ਦੇ ਹਜ਼ਾਰਾਂ ਬੈਲ ਗੱਡੇ ਨੇ,
ਕਿ ਬਲਵਿੰਦਰ ਹੀ ਨਈਂ ਏਂ ਨਾਲ, ਹੈ ਲੰਬਾ ਕਾਫ਼ਲਾ ਬਾਲਮ।

**ਲੇਖਕ : ਬਲਵਿੰਦਰ ਬਾਲਮ ਗੁਰਦਾਸਪੁਰ, ਮੋਬਾਈਲ - 98156-25409**

## ਕਿਆਸੇ

ਜਿਹਨਾਂ ਬਾਰੇ ਅਜਬ ਕਿਆਸੇ ਹੁੰਦੇ ਵੇਖੇ ।
ਅੰਦਰੋਂ ਰੋਂਦੇ ਬਾਹਰੋਂ ਹਾੱਸੇ ਹੁੰਦੇ ਵੇਖੇ ।
ਨਾਲ ਸਮੇਂ ਦੇ ਰੰਗ ਵਟਾਇਆ, ਬਲੀ ਬਹਾਦੁਰ,
ਰਾਜੇ ਤਖਤਾਂ ਦੇ ਵੀ ਦਾਸੇ ਹੁੰਦੇ ਵੇਖੇ ।
ਕੁਦਰਤ ਦਾ ਵਰਤਾਰਾ ਵਿਗੜਣ ਕਰਕੇ ਹੀ ਤਾਂ,
ਸਿਆਲ਼ੀ ਰੁੱਤੇ ਹਾੜ ਚੁਮਾਸੇ ਹੁੰਦੇ ਵੇਖੇ ।
ਸਹਿਣਾ ਪੈਂਦਾ ਪਹਿਲਾਂ ਸਿਰ 'ਤੇ ਖ਼ੂਬ ਹਥੌੜਾ,
ਤਦ ਹੀ ਪੱਥਰੋਂ ਬੁੱਤ ਤਰਾਸ਼ੇ ਹੁੰਦੇ ਵੇਖੇ ।
ਧੁੱਪਾਂ ਨੂੰ ਵੀ ਖਾ ਜਾਂਦਾ ਹੈ ਸ਼ਾਮੀ 'ਨੇਰਾ,
ਧੰਨ ਕੁਬੇਰਾਂ ਦੇ ਹੱਥ ਕਾਸੇ ਹੁੰਦੇ ਵੇਖੇ ।
ਭੁੱਖਾ ਕਾਮਾ ਰਾਖੀ ਕਰਦਾ ਫਸਲਾਂ ਦੀ ਹੈ,
ਨਹਿਰ ਕਿਨਾਰੇ ਲੋਕ ਪਿਆਸੇ ਹੁੰਦੇ ਵੇਖੇ ।
ਪੂੰਜੀਵਾਦ ਡਕਾਰੇ ਸਾਡੇ ਰਿਸਤੇ ਨਾਤੇ,
'ਬੋਪਾਰਾਏ ' ਰੋਜ਼ ਖੁਲਾਸੇ ਹੁੰਦੇ ਵੇਖੇ ।

**ਲੇਖਕ : ਭੁਪਿੰਦਰ ਸਿੰਘ ਬੋਪਾਰਾਏ, 97797 91442**

## ਇੱਕੋ ਬੇੜੀ ਦੇ ਚੱਟੇ ਵੱਟੇ

ਇੱਕ ਪਿੱਛੋਂ ਇੱਕ ਅਤੇ ਹੋਰ ਕਈ,
ਤੁਰ ਪਏ ਨੇ ਬੰਨ੍ਹ ਕਤਾਰ ਨੇਤਾ।
ਦਿੱਤਾ ਕੱਢ ਕੁ ਨਿੱਕਲ ਗਿਆ ਆਪੇ,
ਬਣ ਬੁਝਾਰਤ ਗਿਆ ਸਰਾਰ ਨੇਤਾ।

ਤਿੰਨ ਸਾਲ ਦੀ ਸੁਣਿਆ ਪਾ ਸਜਾ,
ਬਣ ਵਜ਼ੀਰ ਗਿਆ ਡਾਕਦਾਰ ਨੇਤਾ।
ਲਾ ਲੋਂਦਾ ਗਿਆ ਸਕੀਰੀਆਂ ਦੇ,
ਗਿਆ ਕਰ ਕੁੱਟ-ਮਾਰ ਨੇਤਾ।

ਕਈ ਛਲਾਰੂ ਚੌਧਰ ਸਾਂਭਦੇ ਹੀ,
ਆ ਹੇਠ ਗਏ ਤਲਵਾਰ ਨੇਤਾ।
ਹੌਲੀ ਹੌਲੀ ਜਾਣਗੇ ਚੁਗੇ 'ਭਗਤਾ',
ਫਿਰਦੇ ਪਹਿਨੀ ਜੋ ਸਲਵਾਰ ਨੇਤਾ।

ਕਹਿੰਦੇ ਕੀ ਸੀ ਕਰੀ ਕੀ ਜਾਂਦੇ,
ਫਿਰਨ ਝੂਠ 'ਤੇ ਹੋਏ ਸਵਾਰ ਨੇਤਾ।
ਆਪੋ ਧਾਪੀ ਗਏ ਜਦ ਹੋ ਪਾਛੂ,
'ਕੱਲਾ ਕਰੂ ਕੀ ਸਿਪਾਹ ਸਲਾਰ ਨੇਤਾ।

**ਲੇਖਕ : ਬਰਾੜ-ਭਗਤਾ ਭਾਈ ਕਾ 1-604-751-1113**

## ਮਕਾਨ

ਬਹੁਤ ਉਸਾਰ ਲਏ ਨੇ ਰੱਬ ਦੇ ਘਰ,
ਚੱਲੋ ਨਵਾਂ ਇੱਕ ਮਕਾਨ ਉਸਾਰੀਏ।

ਵੰਡੀਏ ਪਿਆਰ ਮੁਹੱਬਤ ਦਾ ਸੌਦਾ,
ਚੱਲੋ ਐਸੀ ਕੋਈ ਦੁਕਾਨ ਉਸਾਰੀਏ।

ਤੇਰੀ ਟੋਪੀ ਮੇਰੀ ਪੱਗ ਉਸ ਦੀ ਧੋਤੀ,
ਮਿਲਕੇ ਸਾਂਝੀ ਪਹਿਚਾਣ ਉਸਾਰੀਏ।

ਤੇਰੇ ਲੱਡੂ ਮੇਰਾ ਹਲਵਾ ਤੇਰੀ ਬਿਰਿਆਨੀ
ਸਾਂਝੀ ਰਸੋਈ ਸਾਂਝੇ ਪਕਵਾਨ ਉਸਾਰੀਏ।

ਹੰਝੂ, ਹਟਕੋਰੇ, ਉਦਾਸੀਆਂ, ਠਹਾਕੇ,
ਸੁੱਖਾਂ ਦੀ ਸਾਂਝੀ ਮੁਸਕਾਨ ਉਸਾਰੀਏ।

ਇਹ ਹਾਰਾਂ ਜਿੱਤਾਂ ਸਫ਼ਰ ਜ਼ਿੰਦਗੀ ਦਾ,
ਪੈੜਾਂ ਚ ਪੈੜਾਂ ਦੇ ਨਿਸ਼ਾਨ ਉਸਾਰੀਏ।

ਉਹ ਵੰਡਣਗੇ ਨਫ਼ਰਤ ਤੂੰ ਪਿਆਰ ਵੰਡੀ,
ਮੁਹੱਬਤ ਦਾ ਇਹ ਹਿੰਦੂਸਤਾਨ ਉਸਾਰੀਏ।

ਬੁਲਬੁਲਾਂ ਗਾਉਣ ਜੋ ਇਸ਼ਕ ਦੇ ਤਰਾਨੇ,
ਚੱਲ "ਸੋਨੀ" ਐਸੀ ਕੋਈ ਜ਼ੁਬਾਨ ਉਸਾਰੀਏ।

**ਲੇਖਕ : ਜਸਵੀਰ ਸੋਨੀ**

## ਜ਼ਹਿਰ

ਕੋਈ ਕਸਰ ਰਹਿ ਨਾ ਜਾਵੇ
ਸਭ ਨੂੰ ਗੱਲ ਸਮਝਾ ਦਿਓ

ਜੀਰੀ ਬੀਜ ਬੀਜ ਪਤਾਲ ਨੂੰ
ਹੋਰ ਜ਼ਹਿਰੀਲਾ ਬਣਾ ਦਿਓ

ਫ਼ਸਲਾਂ ਤੇ ਕਰ ਕਰ ਸਪਰੇਹਾਂ
ਹਵਾ ਚ ਜ਼ਹਿਰ ਫੈਲਾ ਦਿਓ

ਫੈਕਟਰੀ ਲਾ ਕੇ ਦਰਿਆ ਉਤੇ
ਪਾਣੀ ਵਿਚ ਗੰਦ ਵਹਾ ਦਿਓ

ਬਿੰਦਰਾ ਢਾਹ ਕੇ ਸਾਰੇ ਦੇਸ ਨੂੰ
ਹੁਣ ਹਸਪਤਾਲ ਬਣਾ ਦਿਓ

**ਲੇਖਕ : ਬਿੰਦਰ ਸਾਹਿਤ ਇਟਲੀ**
**00393278159218**

## ਤਕਰੀਰਾਂ

ਮਨ ਅੰਦਰ ਉਠੀਆਂ ਤਕਰੀਰਾਂ ਨੇ ਮੈਨੂੰ ਝੰਜੋੜ ਦਿੱਤਾ,
ਉਭਰੇ ਕਈ ਸਵਾਲਾਂ ਨੂੰ ਦਿਲ ਨਾਲ ਜੋੜ ਦਿੱਤਾ....
ਸੁੱਤੇ ਕਈ ਜਮੀਰ ਨੇ ਜਿਹੜੇ ਕਿਸ ਪਲ ਜਾਗਣਗੇ,
ਸਮੇਂ ਦੀਆਂ ਸਰਕਾਰਾਂ ਅੱਗੇ ਕਿੰਨਾ ਚਿਰ ਭਾਗਣਗੇ....
ਰੋਜ ਹੀ ਲੁੱਟ ਦੀ ਇੱਜਤ ਛੱਲੀ ਤਨ ਹੁੰਦੇ ਨੇ,
ਕਿਉਂ ਇਹ ਜਿੰਦਗੀ ਸਾਰੇ ਮਰਿਆ ਵਾਂਗ ਜਿਉਦੇ ਨੇ....
ਕਿਸੇ ਦਾ ਪੁੱਤਰ ਮਰਦਾ ਦਰਦ ਇਕੱਲਾ ਮਾਂ ਨੂੰ ਹੀ ਹੁੰਦਾ,
ਬੋਲ ਕੇ ਸਬਦ ਚਾਰ ਕੁ ਲੀਡਰ ਖੜਾ ਪਰਾ ਹੁੰਦਾ....
ਕਿਸੇ ਦਾ ਘਰ ਉਜੜ ਜਾਵੇ ਕੋਈ ਫਰਕ ਨਹੀਂ ਪੈਂਦਾ,
ਆਪਣੇ ਬੋਝੇ ਭਰਨ ਲਈ ਅੱਗੇ ਹਰ ਕੋਈ ਰਹਿੰਦਾ....
ਖੋਹ ਕੇ ਖੂਨ ਪਸੀਨਾ ਕਿੰਨੇ ਘਰ ਭਰ ਆਏ ਨੇ,
ਮਜ਼ਦੂਰਾਂ ਦੇ ਬੱਚੇ ਅੱਜ ਵੀ ਫਿਰਦੇ ਧਿਆਏ ਨੇ....
ਲਿਖਣੇ ਨੂੰ ਕਿੰਨਾ ਕੁਝ ਪਰ ਪੰਧ ਲੰਮੇਰਾ ਏ,
ਜੇ ਸੱਚ ਵੀ ਲਿਖ ਦਿੱਤਾ ਤਾਂ ਜਾਗਣਾ ਕਿਹੜਾ ਏ....
ਕੌੜਾ ਰਸ ਕਰੇਲੇ ਵਰਗਾ ਕੋਈ ਨਹੀਂ ਲੈਂਦਾ,
ਮਿੱਠੇ ਸਰਬਤ ਵੱਲ ਹਰ ਕੋਈ ਭੱਜ ਭੱਜ ਕੇ ਪੈਂਦਾ....
ਮਿੱਠੇ ਦੀ ਇਸ ਚਾਹ ਨੇ ਕਈ ਲੋਕ ਮਰੀਜ਼ ਕਰੇ,
ਸੱਚ ਹੁੰਦਾ ਏ ਕੌੜਾ ਕਿਵੇਂ ਕੋਈ ਨਿਰੋਗ ਬਣੇ....

**ਲੇਖਕ : ਸਿਮਰਨਜੀਤ ਕੌਰ ਸਿਮਰ**
**ਪਿੰਡ : ਮਵੀ ਸੱਪਾਂ ( ਸਮਾਣਾ )**

## ਆਓ ਰਲ ਮਿਲ

ਆਓ ਰਲ ਮਿਲ ਆਪਾਂ ਨਵੀਂ ਰੀਤ ਬਣਾਈਏ
ਜੱਗਜਨਨੀ ਧੀਆਂ ਦੀ ਆਪਾਂ ਲੋਹੜੀ ਮਨਾਈਏ

ਨਾਨੀ ਨੇ ਸੀ ਮਾਂ ਨੂੰ, ਮਾਂ ਮੈਨੂੰ ਜਾਇਆ
ਅਗੋਂ ਅੱਗੇ ਇੰਝ ਹੈ ਸਭ ਵੰਸ਼ ਵਧਾਇਆ
ਜੇ ਧੀ ਨਾ ਜੰਮੇ ਕਿਸੇ ਘਰ,ਪੁੱਤ ਕਿੰਝ ਵਿਆਹੀਏ?
ਆਓ ਰਲ ਮਿਲ ਆਪਾਂ ਨਵੀਂ ਰੀਤ ਬਣਾਈਏ.......

ਕਰਮਾਂ ਵਾਲੇ ਮਾਪਿਆਂ ਨੇ ਹੈ ਧੀ ਨੂੰ ਜਣਿਆ
ਮਾਣ ਨਾਲ ਹੈ ਬਾਬੁਲ ਦਾ ਅੱਜ ਸੀਨਾ ਤਣਿਆ
ਹੱਥ ਜੋੜ ਕੇ ਦਾਤੇ ਦਾ ਚਲੋ ਸ਼ੁਕਰ ਮਨਾਈਏ
ਆਓ ਰਲ ਮਿਲ ਆਪਾਂ ਨਵੀਂ ਰੀਤ ਬਣਾਈਏ.....

ਚਲ ਸਰਬ ਸਮਾਜ ਨੂੰ ਇਹ ਗੱਲ ਸਮਝਾਦੇ
ਧੀ ਬਿਨਾਂ ਇਹ ਜਗ ਨਹੀਂ ਗੱਲ ਕੰਨੀ ਪਾ ਦੇ
ਸਾਡੀ ਕੁੱਲ ਦਾ ਦੀਵਾ ਤਾਂ ਜਗੇ ਜੇ ਧੀ ਲਿਆਈਏ
ਆਓ ਰਲ ਮਿਲ ਆਪਾਂ ਨਵੀਂ ਰੀਤ ਬਣਾਈਏ...
ਜਗਜਨਨੀ ਧੀਆਂ ਦੀ ਆਪਾਂ ਲੋਹੜੀ ਮਨਾਈਏ!!

**ਲੇਖਕ : ਸਰਬਜੀਤ ਕੌਰ ਹਾਜੀਪਰ**
**ਸ਼ਾਹਕੋਟ**

## ਫਰਿਆਦ

ਸੁਣੋ ਵੇ ਲੋਕੋ ਮੈਂ ਪੰਜਾਬ ਬੋਲਦਾ
ਪੱਤਣ ਦੇ ਵੱਲ ਵਧਦਾ ਪੰਜਾਬ ਬੋਲਦਾ

ਕੁਰਸੀ ਤੇ ਜਾਤਾਂ ਤੋਂ ਬਿਨਾਂ ਹੋਰ ਵੀ ਮੇਰੇ ਦੁੱਖ
ਉਹ ਦੁੱਖ ਮੈਂ ਥੋੜੇ ਨਾਲ ਫੋਲਦਾ ।

ਬਾਪੂ ਮੱਝੀਆਂ ਦੇ ਸੰਗਲ ਗੰਢਦਾ,ਪੁੱਤ ਬੁਲਟ ਦੀ ਕਿੱਕ ਮਾਰਦਾ।

ਮਾਂ ਚੁੱਲ੍ਹਾ ਚੌਂਕਾ ਕਰਦੀ, ਘਰ ਸਾਂਭਦੀ
ਧੀ ਫਿਰੇ ਇੰਸਟਾ ਵਿੱਚ ਨੱਚਦੀ ।

ਚੰਗੇ ਭਲੇ ਪੁੱਤ-ਧੀ ਸੀ ਜੰਮੇ ਦੇਖ ਇੰਟਰਨੈੱਟ ਖੁਸਰੇ ਬਣਦੇ ਜਾਵਣ
ਬਾਹਰਲੇ ਖੁਸਰੇ ਨਾਲੋਂ ਮੈਨੂੰ ਘਰ ਦੇ ਖੁਸਰੇ ਹੁਣ ਜ਼ਿਆਦਾ ਡਰਾਵਣ ।

ਮੈਂ ਡਰਿਆ ਹੋਇਆ ਪੰਜਾਬ ਬੋਲਦਾ ।
ਬੰਜਰ ਹੋਣ ਦੇ ਨੇੜੇ ਪੁੱਜਿਆ ਪੰਜਾਬ ਬੋਲਦਾ।

ਸਿਉਂਕ ਖਾ ਰਹੀ ਰੁੱਖਾਂ ਨੂੰ, ਨਸ਼ੇ ਪੁੱਤਾਂ ਨੂੰ
ਰੁੱਖ ਤੇ ਪੁੱਤ ਮੇਰੇ ਮੁੱਕਦੇ ਜਾਵਣ ।

ਸੁਖਦੀਪ ਬਹੁਤ ਦੇ ਲਿਆ ਹੋਕਾ ਧੀਆਂ ਬਚਾਓ ਧੀਆਂ ਪੜ੍ਹਾਓ
ਆਓ ਰਲ ਮਿਲ ਕੇ ਦੇਈਏ ਹੋਕਾ ਰੁੱਖ ਤੇ ਪੁੱਤ ਬਚਾਓ ।

ਮੈਂ ਹੁਣ ਸਹਿਮਿਆ ਹੋਇਆ ਪੰਜਾਬ ਬੋਲਦਾ
ਪੱਤਣ ਦੇ ਵੱਲ ਵਧਦਾ ਹੋਇਆ ਪੰਜਾਬ ਬੋਲਦਾ।

**ਲੇਖਕ : ਸੁਖਦੀਪ ਕੌਰ ਮਾਂਗਟ**

## ਜ਼ਾਲਮ ਖ਼ੂਨੀ ਰਸਮਾਂ ਰੀਤਾਂ

ਜ਼ਾਲਮ ਖ਼ੂਨੀ ਰਸਮਾਂ ਰੀਤਾਂ,
ਵਸਦੇ ਸ਼ਹਿਰ ਉਜਾੜੇ ।
ਹੁਣ ਤਾਂ ਏਥੇ ਔਖੇ ਹੋ ਗਏ,
ਕੱਟਣੇ ਚਾਰ ਦਿਹਾੜੇ ।

ਹਰ ਬੰਦੇ ਦੀ ਦਰਦ
ਕਹਾਣੀ ਮੈਨੂੰ ਅਪਣੀ ਜਾਪੇ,
ਅੰਦਰੋਂ ਅੰਦਰ ਗੁੱਝੀ ਗੁੱਝੀ,
ਪੀੜ ਕਲੇਜਾ ਪਾੜੇ ।

ਅਪਣੇ ਇਕਲਾਪੇ ਦਾ ਰੋਣਾ,
ਕੀਹਦੇ ਅੱਗੇ ਰੋਵਾਂ,
ਨਾ ਕੋਈ ਸੁਣਦਾ ਮੇਰੀਆਂ ਹਾਵਾਂ,
ਨਾ ਹੌਕੇ ਨਾ ਹਾੜੇ ।


ਅੱਜ ਵੀ ਰਾਂਝੇ ਬਣਦੇ ਜੋਗੀ,
ਅੱਜ ਵੀ ਰੁਲਦੀਆਂ ਹੀਰਾਂ,
ਅੱਜ ਵੀ ਜ਼ਾਲਮ ਕੈਦੋਂ ਘਰ ਘਰ,
ਅੱਜ ਵੀ ਖੇੜੇ ਲਾੜ੍ਹੇ ।

ਲੋਕੀ ਅਪਣੇ ਨੱਕ ਦੀ ਖ਼ਾਤਰ,
ਖ਼ੂਨ ਦਿਲਾਂ ਦੇ ਕਰਦੇ,
ਫੁੱਲਾਂ ਤੋਂ ਵੀ ਨਾਜ਼ੁਕ ਜੁੱਸੇ,
ਤੱਤੀਆਂ ਲੋਵਾਂ ਸਾੜੇ ।

ਜੀਹਨਾਂ ਨੂੰ ਗੁਰ ਆਪ ਸਿਖਾਏ,
ਉਹ ਵੀ ਸਾਨੂੰ ਚਾਰਣ,
ਇੰਨੇ ਕਦੀ ਨਹੀਂ ਹੁੰਦੇ ਡਿੱਠੇ,
ਹਾਲੀਆਂ ਅੱਗੇ ਪਾੜੇ ।

ਉਹ ਡਾਹਢਾ ਏ ਤੇ ਸਾਨੂੰ ਕੀ,
'ਸਾਬਰ' ਹੱਸੇ ਵੱਸੇ,
ਮੇਰੇ ਜੇਹੇ ਵੀ ਜੱਗ ਤੇ ਰਹਿੰਦੇ
ਭਾਵੇਂ ਹੋਵਣ ਮਾੜੇ ।

**ਲੇਖਕ : ਸਾਬਰ ਸੌਦਾਈ**


99 ACRES
Trail to your home
"Don't Wait
To Buy Real Estate
Buy Real Estate
And Wait "
Available Now
West Hempstead New Construction
Land Upstate New York
Richmond Hill Single Family
Richmond Hill Multi family
Richmond Hill Mix Use
Amaninder Singh Thind (Max)
Licensed Real Estate Salesperson
Phone: (516) 474 7573
Tel: (516) 656-1100